# ਰਲ਼ਗੱਡ ਹੋਈ ਇਬਾਰਤ

# ਰਲ਼ਗੱਡ ਹੋਈ ਇਬਾਰਤ

ਕੁਲਤਾਰ ਬਜਰਾਵਰ

International Publishers
of Indian and Foreign Languages

*Poetry/Punjabi Poetry*

ISBN : 978-93-5068-072-8
Price : 135/-

**Ral-Gad Hoi Ibarat**

*Mackled Text*

*By*

**Kultar Bajrawar**
VPO : Bajrawar, Hoshiarpur, Punjab - 146104
facebook.com/kultarbajrawar
bajrawar@gmail.com
Mob : +91 98882-11143

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

©, *2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਮੈਨੂੰ
"ਪਿਆਰ ਕਰਦੀਆਂ ਰੂਹਾਂ"
ਦੇ ਨਾਂ

ਸੱਜਣਾਂ ਤੇਰੇ ਇਸ਼ਕ ਨੇ ਸਾਨੂੰ ਕੀ-ਕੀ ਦੇਖ ਬਣਾ ਦਿੱਤਾ।
ਅੱਗ ਦੇ ਵਸਤਰ ਪਾ ਲੈਂਦੇ ਹਾਂ, ਤੁਰ ਲੈਂਦੇ ਹਾਂ ਲਹਿਰਾਂ 'ਤੇ॥

# ਕੁਲਤਾਰ ਬਜਰਾਵਰ : ਮਾਰੂਥਲ ਦਾ ਇਕਲਾਪਾ

ਕੁਲਤਾਰ ਬਜਰਾਵਰ ਬਹੁਤ ਹੀ ਹਸਾਸ ਮਨ ਵਾਲ਼ਾ ਸ਼ਾਇਰ ਹੈ। ਚੁੱਪ ਤੇ ਗ਼ਹਿਰੀ ਉਦਾਸੀ ਉਸ ਦੇ ਜੀਵਨ ਤੇ ਕਵਿਤਾ ਦੋਹਾਂ ਦਾ ਸਲੀਕਾ ਹੈ। ਆਮ ਗੱਲ-ਕੱਥ ਸਮੇਂ ਬਹੁਤ ਧੀਮਾ ਤੇ ਘੱਟ ਬੋਲਦਾ ਹੈ; ਦੂਜਿਆਂ ਨੂੰ ਸੁਣਾਉਣ ਦੀ ਥਾਂ ਉਹ ਆਪਣੇ ਅੰਦਰਲੇ ਨਾਲ਼ ਹੀ ਹਮ-ਕਲਾਮ ਰਹਿੰਦਾ ਹੈ। ਸ਼ਾਇਰੀ ਚੁੱਪ ਰਹਿਣੇ ਬੰਦਿਆਂ ਦੀ ਪਨਾਹਗਾਹ ਹੁੰਦੀ ਹੈ। ਚੁੱਪ ਰਹਿੰਦੇ ਤੇ ਦੁੱਖ ਸਹਿੰਦੇ ਸੰਵੇਦਨਸ਼ੀਲ ਮਨਾਂ ਨੂੰ ਸਰਸਵਤੀ ਦੀ ਸ਼ਰਨ 'ਚ ਜਾਣਾ ਪੈਂਦਾ ਹੈ। ਕੁਲਤਾਰ ਬਜਰਾਵਰ ਬਹੁਤ ਸੰਜਮੀ ਨੌਜਵਾਨ ਹੈ, ਸ਼ਾਂਤ, ਠਹਿਰਿਆ ਤੇ ਅਲਪ-ਭਾਸ਼ੀ। ਉਹ ਆਪਣੇ ਅੰਦਰਲੀ ਹਲਚਲ ਨੂੰ ਨਾ ਰੁਦਨ ਬਣਨ ਦਿੰਦਾ ਹੈ ਨਾ ਸ਼ੋਰ। ਉਹ ਅੰਦਰ-ਅੰਦਰ ਧੁਖਦੇ ਧੂੰਏਂ ਨੂੰ ਲਾਟ ਨਹੀਂ ਬਣਨ ਦਿੰਦਾ। ਮੁਹੱਬਤ ਵਿੱਚ ਆਹਤ ਨੌਜਵਾਨ ਰਚਨਾਕਾਰ ਅਕਸਰ ਆਪਣੇ ਦੁੱਖ ਦਾ ਵਿਖ਼ਾਲ਼ਾ ਕਰਨ ਲਗਦੇ ਹਨ, ਪਰ ਕੁਲਤਾਰ ਬਜਰਾਵਰ ਖ਼ਾਮੋਸ਼ੀ ਨੂੰ ਆਪਣੀ ਢਾਲ਼ ਬਣਾ ਲੈਂਦਾ ਹੈ। ਉਹ ਗ਼ਹਿਰੀ ਉਦਾਸੀ ਵਿੱਚ ਧੁਰ ਅੰਦਰੋਂ ਬੋਲਦਾ ਹੈ; ਧੀਮਾ ਪਰ ਪੁਰ-ਅਸਰ। ਉਹ ਬਾਖ਼ੂਬੀ ਸਮਝਦਾ ਹੈ ਕਿ ਨਮ ਅੱਖਾਂ ਦਾ ਪਾਣੀ ਚੀਕਾਂ, ਕੁਰਲਾਟਾਂ ਤੇ ਬੁੜਬੁੜ ਨਾਲ਼ੋਂ ਵੱਧ ਅਸਰ-ਪਾ ਹੁੰਦਾ ਹੈ। 'ਰਲ਼ਗੱਡ ਹੋਈ ਇਬਾਰਤ' ਵਿੱਚ ਉਸਦੇ ਦਰਦ ਦੀਆਂ ਅਨੇਕਾਂ ਪਰਤਾਂ ਸੂਖ਼ਮ ਸ਼ਿਅਰਾਂ ਦਾ ਜਾਮਾ ਪਹਿਨ ਕੇ ਪੇਸ਼ ਹਨ; ਪ੍ਰਮਾਣ ਵਜੋਂ ਕੁਝ ਸ਼ਿਅਰ ਹਾਜ਼ਰ ਹਨ:

1

ਪਿਆਸੇ ਮਰ ਗਏ ਆਇਆ ਨਹੀਂ ਪਰ,
ਬੁੱਲਾਂ ਤੀਕਰ ਪਾਣੀ ਅੱਖ ਦਾ॥

2

ਸੱਜਣਾਂ ਤੇਰੇ ਇਸ਼ਕ ਨੇ ਸਾਨੂੰ ਕੀ-ਕੀ ਦੇਖ ਬਣਾ ਦਿੱਤਾ।
ਅੱਗ ਦੇ ਵਸਤਰ ਪਾ ਲੈਂਦੇ ਹਾਂ, ਤੁਰ ਲੈਂਦੇ ਹਾਂ ਲਹਿਰਾਂ 'ਤੇ॥

3

ਕਿਹੜੇ ਰੁੱਖ ਨਾ' ਫ਼ਾਹਾ ਲਈਏ, ਕਿਹੜੀ ਝੀਲੇ ਡੁੱਬੀਏ।
ਆਪਣਾ ਕੋਈ ਬਣਾਵੇ ਸਾਨੂੰ, ਸਾਰਿਆਂ ਲਈ ਪਰਾਇਆ॥
ਹੋਰ ਜਨਮ ਵੀ ਸਾਡੇ ਖ਼ੌਰੇ ਕਿੱਦਾਂ ਕੱਟੇ ਹੋਣੇ।
ਇਸ ਵਾਰੀ ਤਾਂ ਧਰਤੀ ਉੱਤੇ ਆ ਕੇ ਬਹੁ-ਪਛਤਾਇਆ॥

4

ਭਰੀ ਹਯਾਤੀ ਤੇਰੀ, ਏਨੇ ਰੰਗ, ਏਨੀ ਖ਼ੁਸ਼ਬੋਈ।
ਮੇਰੇ ਮਨਫ਼ੀ ਹੋਣ 'ਤੇ ਤੈਨੂੰ ਫ਼ਰਕ ਨਾ ਪੈਣਾ ਕੋਈ॥

5

ਉਸ ਰੰਗ ਨੂੰ ਲੱਭਣ ਦੀ ਖ਼ਾਤਿਰ ਹੁਣ 'ਕੁਲਤਾਰ' ਨੀ ਸੌਂਦਾ।
ਜਿਸ ਬਾਰੇ ਕੁਝ ਮੇਰੇ ਕੰਨ ਵਿੱਚ ਕਹਿ ਕੇ ਤਿਤਲੀ ਲੰਘੀ॥

6

ਦੱਸੋ ਕਿਹੜੀ ਚੀਜ਼ ਅਸਾਂ ਦੀ ਥੋਨੂੰ ਚੰਗੀ ਲਗਦੀ,
ਜਾਂ ਕਿ ਪੱਥਰ ਬੁੱਲ੍ਹੀਆਂ ਜਾਂ ਕਿ ਹੰਝੂਆਂ ਦੇ ਪਰਨਾਲ਼ੇ॥

7

ਨਾ ਕੋਈ ਜ਼ਿੰਦਗੀ ਦੇ ਵਿੱਚ ਆਵੇ, ਨਾ ਕੋਈ ਹਲਚਲ ਹੋਵੇ।
ਮਿਲ਼ਿਆ ਹੈ ਵਰਦਾਨ ਅਸਾਡੇ ਜਿਹੀਆਂ ਸੁੰਨੀਆਂ ਥਾਵਾਂ ਨੂੰ॥

8

ਖ਼ਾਮੋਸ਼ ਅਸਾਂ ਨੂੰ ਕਿਸ ਅਹਿਸਾਸ ਨੇ ਕੀਤਾ ਏ।
ਹਾਲਤ ਕੈਸੀ ਆਪਣਿਆਂ ਵਿੱਚ ਘਿਰ ਬਣ ਗਈ॥

ਕੁਲਤਾਰ ਦੀ ਕਵਿਤਾ ਉਸਦੇ ਨਿੱਜ ਗ਼ਮ ਦਾ ਹੀ ਇਜ਼ਹਾਰ ਨਹੀਂ, ਇਸ ਵਿੱਚ ਸਾਡੇ ਦੌਰ ਦੀ ਅਹੁਰਾਂ ਦਾ ਖ਼ੁਲਾਸਾ ਵੀ ਹੈ। ਪੂੰਜੀਵਾਦੀ ਵਿਵਸਥਾ, ਖ਼ਪਤ ਸੱਭਿਆਚਾਰ ਅਤੇ ਬਾਜ਼ਾਰ ਨੇ ਸਭ ਮਨੁੱਖੀ ਰੀਝਾਂ ਦਾ ਘਾਣ ਕੀਤਾ ਹੈ। ਮੰਡੀ ਦੀ ਮਾਰ ਨੇ ਬੰਦੇ ਨੂੰ ਬੇਜਾਨ ਪੱਥਰ ਵਿੱਚ ਬਦਲ ਦਿੱਤਾ ਹੈ। ਵਾਫ਼ਰ ਪੂੰਜੀ ਨਾਲ਼ ਲੈਸ ਬਾਘਾਂ ਦੇ ਟੋਲੇ ਆਦਿ-ਵਾਸੀਆਂ, ਕਿਰਤੀਆਂ ਅਤੇ ਪਿੰਡਾਂ (ਕਿਸਾਨੀ) ਨੂੰ ਹੜੱਪ ਜਾਣ ਦੀ ਤਾਕ ਵਿੱਚ ਹਨ। ਵਿਕਾਸ ਦੇ ਨਾਮ ਉੱਪਰ ਪ੍ਰਕਿਰਤਕ ਸੰਸਾਧਨਾਂ ਅਤੇ ਕੁਦਰਤੀ ਸਰੋਤਾਂ ਨੂੰ ਵੱਡੇ ਪੂੰਜੀਪਤੀ, ਵਪਾਰਕ ਘਰਾਣੇ ਅਤੇ ਸੱਤ੍ਹਾ ਦੇ ਦਲਾਲ ਹਥਿਆਉਣ ਦੀ ਤਾਕ ਵਿੱਚ ਹਨ। ਇਹ ਵੱਡੇ ਧਰਵਾਸ ਦੀ ਗੱਲ ਹੈ ਕਿ ਕੁਲਤਾਰ ਆਪਣੀ ਸ਼ਾਇਰੀ ਦੇ ਇਸ ਮੁੱਢਲੇ ਪੜਾਉ ਉੱਪਰ ਏਨਾ ਸੁਚੇਤ ਹੈ। ਉਦਾਹਰਨ ਵਜੋਂ ਇਹ ਸ਼ਿਅਰ ਵੇਖੋ:

1

ਕਰ ਲਵੋ ਜੀ ਫ਼ੈਸਲਾ, ਅੱਜ ਕਿਸਦੀ ਹੈ ਵਾਰੀ।
ਪਿੰਡ ਵੱਲ ਅਉਣਾ ਹੋ ਰਿਹੈ ਬਾਘਾਂ ਦੇ ਜੱਥੇ ਦਾ॥

2

ਪੀ ਲਈ ਰੱਤ ਨਿਚੋੜ ਉਨ੍ਹਾਂ ਦੀ ਜ਼ਾਲਿਮ ਇੱਕ ਸ਼ਿਕਾਰੀ।
ਪਾਣੀ ਪੀਣੇ ਨੂੰ ਆਈਆਂ ਸੀ ਚਿੜੀਆਂ ਕੁਝ ਤਿਰਹਾਈਆਂ॥

3

ਸਾਡੀਆਂ ਤਾਂ ਹੁਣ ਸੋਚਾਂ ਵੀ ਨੇ ਸੂਲ਼ਾਂ ਦੇ ਸੰਗ ਵਿੰਨ੍ਹੀਆਂ।
ਸਾਡੇ ਤਾਂ ਹੁਣ ਸੁਪਨੇ ਵੀ ਨੇ ਦੁੱਖਾਂ ਮਾਰੇ ਸੱਭ॥
ਇਸ ਦੁਨੀਆਂ ਦੇ ਸਖ਼ਤ ਰਵੱਈਏ ਸਾਨੂੰ ਐਸਾ ਕੀਤਾ।
ਹੁਣ ਨ੍ਹੀ ਕੌੜਾ ਲਗਦਾ ਭਾਵੇਂ ਅੱਕ ਵੀ ਜਾਈਏ ਚੱਬ॥

ਨਵੀਂ ਤਰਜ਼ ਦਾ ਇਹ ਲੁਭਾਉਣੇ ਨਕਾਬ ਵਾਲ਼ਾ ਵਿਕਾਸ ਕਿਸ ਤਰ੍ਹਾਂ ਦਾ ਉਜਾੜਾ ਤੇ ਦੁਸ਼ਵਾਰੀਆਂ ਲੈ ਕੇ ਆਇਆ ਹੈ, ਕੁਲਤਾਰ ਇਸ ਬਾਰੇ ਸਜੱਗ ਹੈ:

ਅਜਬ ਜਿਹਾ ਕੋਈ ਹੋਰ ਜ਼ਮਾਨਾ ਆਇਆ ਹੈ।
ਸਾਡੇ ਘਰ ਵਿੱਚ ਕੌਣ ਬੇਗਾਨਾ ਆਇਆ ਹੈ॥
ਇਸਨੂੰ ਢੱਕਿਆ ਹੀਰੇ, ਸੋਨੇ, ਰੇਸ਼ਮ ਨੇ।
ਪੱਥਰ ਦਾ ਕੋਈ ਬੁੱਤ ਸ਼ਾਹਾਨਾ ਆਇਆ ਹੈ॥
ਕੰਡਿਆਂ ਦੇ ਸੰਗ 'ਨਫ਼ਰਤ' ਲਿਖਿਆ ਹੋਇਆ ਹੈ।
ਸੁਬਹਾ ਮੈਨੂੰ ਜੋ ਨਜ਼ਰਾਨਾ ਆਇਆ ਹੈ॥
'ਵਾਜ ਸੁਣੀਵੇ ਇਸ ਵਿੱਚ ਟੈਂਕਾਂ-ਤੋਪਾਂ ਦੀ।
'ਵਾ ਵਿੱਚ ਘੁਲ਼ ਕੇ ਇੱਕ ਤਰਾਨਾ ਆਇਆ ਹੈ॥

ਨਵ-ਪੂੰਜੀਵਾਦੀ ਸ਼ਾਹਾਨਾ ਠਾਠ ਵਾਲ਼ਾ ਪ੍ਰੇਮੀ ਬੇਵਫ਼ਾ ਹੈ, ਜਿਸ ਕੋਲ਼ ਮੁਹੱਬਤ ਦਾ ਨਜ਼ਰਾਨਾ ਨਹੀਂ ਬੇਰਹਿਮ ਲੁੱਟ ਦੀ ਚੀਤਕਾਰ ਹੈ। ਬਾਹਰੋਂ ਰੁਮਾਨੀ ਦਿੱਖ ਵਾਲ਼ੇ ਉਪਰੋਕਤ ਸ਼ਿਅਰ ਕੁਲਤਾਰ ਦੀ ਗ਼ਹਿਰੀ ਰਾਜਸੀ ਸੂਝ ਦੇ ਪ੍ਰਮਾਣ ਹਨ। ਕੁਲਤਾਰ ਕੋਲ਼ ਗੱਲ ਕਹਿਣ ਦਾ ਆਪਣਾ ਮੌਲਿਕ ਅੰਦਾਜ਼ ਹੈ। ਕਈ ਸ਼ਿਅਰਾਂ ਵਿੱਚ ਉਹ ਠੇਠ ਦੁਆਬੀ (ਕੰਢੀ ਖਿੱਤੇ ਦੇ ਸਥਾਨਕ) ਸ਼ਬਦਾਂ ਨੂੰ ਬਾਖ਼ੂਬੀ ਬੀੜਦਾ ਹੈ। ਉਸਦੇ ਕੁਝ ਸ਼ਿਅਰਾਂ ਵਿੱਚ ਸੂਫ਼ੀਆਨਾ ਰੰਗ ਹੈ। ਉਸਦੀ ਅਜੇ ਆਲ਼ੀ-ਭੋਲ਼ੀ ਸ਼ਾਇਰੀ ਵਿੱਚ ਦਰਵੇਸ਼ਾਂ ਵਾਲ਼ੀ ਸਦਾਅ ਹੈ। ਉਸ ਦੀ ਕੈਫ਼ੀਅਤ ਵਿੱਚ ਕਿਤੇ-ਕਿਤੇ ਮਲੰਗਾਂ ਵਾਲ਼ੀ ਬੇਪ੍ਰਵਾਹੀ, ਬੇਨਿਆਜ਼ੀ ਅਤੇ ਨਾਬਰੀ ਹੈ। ਆਪਣੀ ਗੱਲ ਸੂਫ਼ੀਆਨਾ ਭਾਅ ਵਾਲ਼ੇ ਇਨ੍ਹਾਂ ਸ਼ਿਅਰਾਂ ਦੇ ਹਵਾਲੇ ਨਾਲ਼ ਸਮੇਟ ਰਿਹਾ ਹਾਂ:

1

ਤੂੰ ਤਾਂ ਨਜ਼ਰ ਨਾ ਆਵੇਂ ਸਾਨੂੰ ਦੂਰ ਤੱਕ।
ਪਰ ਕੰਨਾਂ ਵਿੱਚ ਛਣਕੇ ਤੇਰਾ ਕੰਗਣਾ॥

2

ਨਾਮ-ਧਿਆਨ ਦਾ ਕਵਚ ਤਾਂ ਰੂਹਾਂ ਉੱਤੇ ਸੀ।
ਚਾਹੇ ਫ਼ੱਕਰਾਂ ਦੇ ਪਿੰਡੇ 'ਤੇ ਮਾਸ ਨਹੀਂ ਸੀ॥

ਕੁੱਲ ਜੀਅ-ਜੰਤ ਦੀ ਖ਼ੈਰ ਮੰਗਣ ਵਾਲ਼ੀ ਇਸ ਨਵੀਂ ਕਲਮ ਨੂੰ ਜੀ-ਆਇਆਂ ਕਹਿਣਾ ਬਣਦਾ ਹੈ।

24 ਮਈ, 2012

**ਡਾ. ਸੁਖਦੇਵ ਸਿੰਘ ਸਿਰਸਾ**
ਚੇਅਰ-ਪਰਸਨ
ਸਕੂਲ ਆਫ਼ ਪੰਜਾਬੀ ਸਟੱਡੀਜ਼
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

## ਸਹਿਜ ਸੁਭਾਅ...

ਵਰਕੇ ਉੱਤੇ, ਫਿੱਕੇ ਜਿਹੇ, ਦੋ ਹੰਝੂਆਂ ਦੇ ਦਾਗ਼ ਪਏ।
ਮੇਰੇ ਲਈ ਇਹ ਕਵਿਤਾ ਸੀ, ਉਸ ਦੇ ਲਈ ਬੁਝਾਰਤ॥
ਇਸ ਬੇਰੰਗ ਉਮਰ ਦੀ ਆਦਤ, ਹੋ ਗਈ ਸਾਨੂੰ ਤਾਂ।
ਸੂਹਾ ਫੁੱਲ ਕਿਸ ਭੇਜਿਆ ਸਾਨੂੰ, ਕਿਸਦੀ ਇਹ ਸ਼ਰਾਰਤ॥

ਕੁਲਤਾਰ ਬਜਰਾਵਰ ਸਹਿਜ-ਸੁਭਾਅ ਲਿਖਦਾ ਹੈ, ਜਿਵੇਂ ਆਪਾਂ ਕਿਸੇ ਗ਼ਹਿਰੇ ਦੋਸਤ ਨਾਲ਼ ਗੱਲਾਂ ਕਰਦੇ ਹਾਂ, ਕੋਈ ਬਨਾਵਟ, ਕੋਈ ਉਚੇਚ, ਕੋਈ ਦਿਖਾਵਾ ਨਹੀਂ। ਉਸ ਦੀਆਂ ਕਵਿਤਾਵਾਂ ਵਿੱਚ ਅੰਗਰੇਜ਼ੀ ਦੇ ਸ਼ਬਦ ਵੀ ਅਚੇਤ ਹੀ ਆ ਗਏ ਹਨ, ਜਿਹੜੇ ਹੁਣ ਸਾਡੀ ਗੱਲਬਾਤ ਦਾ ਹਿੱਸਾ ਬਣ ਚੁੱਕੇ ਹਨ। ਉਸਦੀ ਸੋਚ ਵਿੱਚ ਸਾਦਗੀ ਅਤੇ ਭਾਵਾਂ ਵਿੱਚ ਗ਼ਹਿਰਾਈ ਹੈ:

ਜੀਵਨ ਅੱਗੇ ਮੌਤ ਖੜੀ ਹੈ, ਸੂਖ਼ਮ ਜਿਹਾ ਇੱਕ ਪਰਦਾ।
ਉਹ ਵੀ ਨਹੀਂ ਜੀ ਹੁਣ ਤਾਂ ਰਹਿ ਗਿਆ ਬਸ ਥੋੜਾ ਜਿਹਾ ਗਰਦਾ॥
ਖ਼ੌਰੇ ਕਿਉਂ 'ਕੁਲਤਾਰ' ਨੂੰ ਚੰਗਾ ਲਗਦਾ ਤੱਕਦੇ ਰਹਿਣਾ,
ਵੱਡੀਆਂ ਛੱਲਾਂ ਕਾਰਣ ਥੋੜਾ-ਥੋੜਾ ਕੰਢਾ ਖ਼ਰਦਾ॥

ਕੁਲਤਾਰ ਦੀ ਸ਼ਾਇਰੀ ਉਸਦੀ ਅੰਤਰ-ਆਤਮਾ ਦੀ ਆਵਾਜ਼ ਹੈ। ਉਸਦੇ ਸੰਵੇਦਨਸ਼ੀਲ ਮਨ ਦੀ ਸਿਰਜਣਾ ਹੈ। ਮੈਂ ਬਹੁਤ ਪਿਆਰ ਨਾਲ਼ ਇਸ ਆਪ-ਮੁਹਾਰੀ, ਮਿੱਠੀ ਤੇ ਸੁਹਣੀ ਸ਼ਾਇਰੀ ਦੀ ਕਿਤਾਬ "ਰਲ਼ਗੱਡ ਹੋਈ ਇਬਾਰਤ" ਦਾ ਸੁਆਗਤ ਕਰਦਾ ਹਾਂ। ਮੇਰੀ ਦੁਆ ਹੈ ਕੁਲਤਾਰ ਸਦਾ ਸ਼ਾਇਰੀ ਨਾਲ਼ ਜੁੜਿਆ ਰਹੇ ਤੇ ਉਸਦੇ ਬੋਲ ਇਸ ਦੁਨੀਆਂ ਨੂੰ ਸੁਹਜ ਤੇ ਪਿਆਰ ਭਰੀ ਬਣਾਉਣ ਵਿੱਚ ਸਹਾਈ ਹੋਣ।

**ਸੁਰਜੀਤ ਪਾਤਰ**
20 ਮਈ 2012

# ਮੁਹੱਬਤ, ਨਾਟਕ ਤੇ ਉਤਪਾਦਨ

ਇਨ੍ਹਾਂ ਖੰਡ-ਲਬਰੇਜ਼ 'ਵਿਸ-ਗੰਦਲ਼ਾਂ' ਨੂੰ ਆਪਦੀ ਪੇਸ਼-ਏ-ਨਜ਼ਰ ਕਰਨ ਤੋਂ ਪਹਿਲਾਂ ਦੋ ਗੱਲਾਂ ਕਰ ਲਈਏ। ਕਲਾ; ਚਾਹੇ ਕਿਸੇ ਵੀ 'ਪ੍ਰਕਾਰ' ਵਿੱਚ ਹੋਵੇ; ਆਪਣੂੰ ਦਰਪੇਸ਼ ਹਾਲਾਤਾਂ ਤੋਂ ਪ੍ਰਭਾਵਿਤ ਹੁੰਦੀ ਏ। ਆਪਦੀ ਹੱਥਲੀ ਪੁਸਤਕ ਵਿੱਚ ਅਜਿਹੀਆਂ ਹੀ ਹਾਲਤਾਂ ਦੀ ਪੇਸ਼ਕਾਰੀ ਗ਼ਜ਼ਲ ਵਿਧਾ ਵਿੱਚ ਮੇਰੇ ਦੁਆਰਾ ਸੰਚਾਰਿਤ ਸੰਵੇਦਨਾ ਰਾਹੀਂ ਹੋਈ ਏ।

ਏਸ ਸੰਗ੍ਰਹਿ ਦੀ ਬਹੁਤੀ ਕਵਿਤਾ ਪਿਆਰ ਜਿਹੇ ਪਾਕ ਅਹਿਸਾਸ ਨੂੰ ਤਿੰਨ ਰੰਗਾਂ ਵਿੱਚ ਪੇਸ਼ ਕਰਦੀ ਹੈ। ਬੇਸ਼ੱਕ ਗ਼ਜ਼ਲਾਂ ਨੂੰ ਏਸ ਮੁਤਾਬਿਕ ਕ੍ਰਮ-ਬੱਧ ਨਹੀਂ ਕੀਤਾ ਗਿਆ ਪਰ ਪਹਿਲਾ ਰੰਗ 'ਮੁਹੱਬਤ' ਹੈ, ਇੱਥੇ ਮੁਹੱਬਤ ਦੀ ਇਬਤਦਾ ਹੈ। ਦੂਜੇ ਰੰਗ ਵਿੱਚ ਇੱਕਮਿੱਕਤਾ ਅਤੇ ਦੂਰੀ ਦੇ ਚਿੱਤਰ ਆਉਂਦੇ ਹਨ, ਇਸਨੂੰ ਮੈਂ 'ਨਾਟਕ' ਕਿਹਾ ਹੈ, ਕਿਉਂਕਿ ਇਹ ਦੌਰ ਇੱਕ ਨਾਟਕ ਵਾਂਗ ਗੁਜ਼ਰਦਾ ਹੈ। ਤੀਜਾ ਰੰਗ ਉਹ ਹੈ ਜਿੱਥੇ ਮੁਹੱਬਤ ਦਾ ਸਿੱਟਾ ਨਿਕਲ਼ਦਾ ਹੈ, ਏਹਨੂੰ ਮੈਂ 'ਉਤਪਾਦਨ' ਕਹਾਂਗਾ। ਇਸ ਤਰ੍ਹਾਂ ਇਹ ਸਾਰਾ ਕੁਝ 'ਮੁਹੱਬਤ, ਨਾਟਕ ਤੇ ਉਤਪਾਦਨ' ਬਾਰੇ ਹੈ।

ਪਹਿਲੇ ਰੰਗ ਵਿੱਚ ਮੁਹੱਬਤ 'ਚ ਮੋਏ ਬੰਦੇ ਦੇ 'ਮਨ ਦੀ ਵੀਣਾ ਗੂੰਜਣ ਲਈ ਬੇਤਾਬ' ਹੁੰਦੀ ਹੈ ਤੇ 'ਓਹਦੇ ਵਲੋਂ ਆਉਂਦੀ ਹਵਾ ਖਿੱਚੇ ਓਹਦੇ ਵੱਲ ਨੂੰ' ਦਾ ਆਭਾਸ ਹੁੰਦਾ ਹੈ। ਏਥੇ ਹੀ 'ਤਖ਼ਤ-ਹਜ਼ਾਰੇ ਹੜ੍ਹ ਲੈ ਆਉਂਦੀ ਹੋਈ ਝੰਗ ਦੀ ਵਰਖ਼ਾ' ਅਤੇ 'ਉੱਕਰ ਦਿੱਤੀ ਬੱਦਲਾਂ ਯਾਰਾਂ ਦੀ ਤਸਵੀਰ' ਦਾ ਅਹਿਸਾਸ ਹੁੰਦਾ ਹੈ ਤੇ ਮਨ ਕਹਿੰਦਾ ਹੈ:

ਕਿ ਝਰਨਾ ਕੋਈ ਪਹਾੜਾਂ ਤੋਂ ਜੀਕਣ ਡਿਗ ਰਿਹਾ ਹੁੰਦੈ।
ਮੈਂ ਚਾਹੁੰਨੈਂ ਨਜ਼ਮ ਏਦਾਂ ਦੀ ਵੀ ਮੈਥੋਂ ਕੋਈ ਲਿਖਵਾਵੇ॥

ਦੂਜੇ ਰੰਗ ਵਿੱਚ ਚੌਗ਼ਿਰਦਾ ਹੀ ਬਦਲ ਗਿਆ ਮਹਿਸੂਸ ਹੁੰਦਾ ਏ। ਏਥੇ 'ਅੱਗ ਦੇ ਵਸਤਰ ਪਾ ਲੈਂਦੇ ਹਾਂ, ਤੁਰ ਲੈਂਦੇ ਹਾਂ ਲਹਿਰਾਂ 'ਤੇ' ਵਰਗਾ ਅਹਿਸਾਸ ਜਾਗਦਾ ਹੈ। ਏਥੇ ਹੀ 'ਇੱਕ ਦਿਨ ਇੱਕਮਿੱਕਤਾ ਹੋ ਜਾਣੀ' ਦੀ ਉਮੀਦ ਵੀ ਹੈ, ਇਹ ਖ਼ੂਬਸੂਰਤ ਖ਼ਿਆਲਾਂ ਦਾ ਦੌਰ ਹੈ;

ਸੌ-ਸੌ ਰੰਗ ਉਸ ਚਿਹਰੇ ਤੋਂ 'ਕੁਲਤਾਰ' ਇਕੱਠੇ ਕਰਦਾ ਹੈ।
ਬਹਿ ਕੇ ਫੇਰ ਮੁਲਾਂਕਣ ਕਰਦਾ ਹਾਵਾਂ-ਭਾਵਾਂ ਨਾਪਿਆਂ ਦਾ॥

ਤੀਜੇ ਰੰਗ ਵਿੱਚ ਕਿਸੇ ਨੂੰ ਤਾਂ 'ਜੀਈਏ ਨਾਲ਼ ਸਵਾਦਾਂ' ਦਾ ਨਤੀਜਾ ਮਿਲ਼ਦਾ ਹੈ ਤੇ ਕੁਝ ਤੋਂ ਅਧੂਰੀਆਂ 'ਖ਼ਾਹਿਸ਼ਾਂ ਤੋਂ ਸੰਨਿਆਸ' ਨਹੀਂ ਲੈ ਹੁੰਦਾ ਤੇ ਏਥੇ 'ਬਿਰਹਾ ਸੰਗ ਜਿਊਣੇ ਦਾ ਅਭਿਆਸ' ਲਾਜ਼ਿਮ ਹੋ ਜਾਂਦਾ ਹੈ। ਜਦ 'ਮੇਰੇ ਮਨਫ਼ੀ ਹੋਣ 'ਤੇ

ਤੈਨੂੰ ਫ਼ਰਕ ਨਾ ਪੈਣਾ ਕੋਈ' ਦਾ ਅਹਿਸਾਸ ਉੱਭਰਦਾ ਹੈ ਤਾਂ 'ਰੋਕਾਂ, ਘਾਟਾਂ, ਦੁੱਖ ਮੁਸਲਸਲ ਹੁੰਦੇ ਮੈਨੂੰ ਰੂ-ਬ-ਰੂ' ਦੀ ਸਥਿਤੀ ਉਪਜਦੀ ਹੈ। ਏਥੇ 'ਬੜੇ ਅਦਬ ਨਾ' ਪੈੜ ਦੀ ਮਿੱਟੀ ਚੁੱਕੀ' ਹੱਥਾਂ ਵਿੱਚੋਂ ਕਿਰ ਜਾਂਦੀ ਏ ਤੇ ਮਹਿਸੂਸ ਹੁੰਦਾ ਹੈ:

ਖ਼ੌਰੇ ਕਿਉਂ 'ਕੁਲਤਾਰ' ਨੂੰ ਚੰਗਾ ਲੱਗਦਾ ਤੱਕਦੇ ਰਹਿਣਾ।
ਵੱਡੀਆਂ ਛੱਲਾਂ ਕਾਰਣ ਥੋੜਾ-ਥੋੜਾ ਕੰਢਾ ਖ਼ਰਦਾ॥

ਇਸੇ ਤਰ੍ਹਾਂ ਇਨ੍ਹਾਂ ਰਚਨਾਵਾਂ ਵਿੱਚ ਇਨਸਾਨ ਦੇ ਦੋਹਰੇ ਕਿਰਦਾਰ ਦੀ ਝਲਕ ਉਸਦੇ 'ਮਖ਼ੌਟੇ ਬਦਲਣ' ਤੇ 'ਸ਼ਹਿਰੀਆਂ ਤੋਂ ਡਰ' ਲੱਗਣ ਵਿੱਚ ਨਿਹਿਤ ਹੈ, ਆਧੁਨਿਕ ਮਨੁੱਖ ਤਾ-ਉਮਰ ਜ਼ਿਹਨੀ ਤੌਰ 'ਤੇ ਮੰਜ਼ਿਲ ਤੋਂ ਵਿਰਵਾ ਮਹਿਸੂਸ ਕਰਦਾ ਹੈ, ਬੱਸ 'ਪੈਰਾਂ ਥੱਲੇ ਰਾਹ ਘੁੰਮਦੇ' ਹਨ। 'ਅਰਥਾਂ ਨੂੰ ਅਰਥੀ 'ਤੇ ਚੁੱਕਣਾ' ਮੁਸ਼ਕਿਲ ਹੈ ਤੇ ਵਿਡੰਬਨਾ ਇਹ ਹੈ ਕਿ 'ਮੈਂ ਤੇ ਹਵਾ; ਹਯਾਤੀ ਪੂਰੀ ਨਹੀਓਂ ਘਰ ਪਹੁੰਚੇ'। ਇਸ ਤੋਂ ਇਲਾਵਾ ਜਿੱਥੇ ਅੱਜ ਦੇ ਹਰ ਬੰਦੇ ਨੂੰ 'ਧਰਤੀ ਦੇ ਸੀਨੇ ਵਿੱਚ ਨਾ ਪਾਣੀ ਡੂੰਘੇ ਥਾਵਾਂ ਤੀਕ ਰਿਹਾ' ਅਤੇ 'ਬਚਾਉਣੀ ਜੇ ਹਰਿਆਵਲ ਹੈ' ਦੀ ਚਿੰਤਾ ਨਾਲ਼ ਦੋ-ਚਾਰ ਹੋਣਾ ਪੈ ਰਿਹਾ ਹੈ ਓਥੇ ਹੀ 'ਸਭਨਾਂ ਤਮਾਸ਼ਾ ਚੌਂਕ ਵਿੱਚ ਤੱਕਿਆ ਨਿਹੱਥੇ ਦਾ' ਸਥਿਤੀਆਂ ਵਰਗੀਆਂ ਹੋਰ ਜ਼ਹਿਰਾਂ ਵੀ ਘੋਰ ਚਿੰਤਾ ਦਾ ਵਿਸ਼ਾ ਹਨ:

ਫ਼ਿਰਕੂ-ਦਹਿਸ਼ਤ, ਨਸਲਵਾਦ, ਆਰਕਸ਼ਣ, ਆਤੰਕ।
ਪਾਣੀਆਂ ਦੇ ਵਿੱਚ ਘੁਲ਼ ਗਿਆ ਕਿੰਨਾ ਹੀ ਜ਼ਹਿਰਾਬ॥

ਮਜ਼੍ਹਬੀ ਕੱਟੜਤਾ ਮੇਰੇ ਮਨ ਨੂੰ ਵਿਚਲਿਤ ਕਰਨ ਵਾਲ਼ੀ ਸਭ ਤੋਂ ਭਿਆਨਕ ਸੰਵੇਦਨਾ ਹੈ। ਐਸੀ ਸਥਿਤੀ ਵਿੱਚ ਇਹ ਮੂੰਹ-ਜ਼ੋਰ ਹੋ ਕੇ ਗ਼ਾਲ਼ ਕੱਢਣ ਦੇ ਅਹਿਸਾਸ ਤੱਕ ਪਹੁੰਚ ਜਾਂਦੀ ਏ ਤੇ ਮੈਂ ਲਿਖਦਾ ਹਾਂ:- 'ਮਜ਼੍ਹਬੀ ਜ਼ਹਿਰ ਖਿਲਾਰੇ ਜੋ ਮੈਂ ਕੀ ਜਾਣਾ ਕੁੱਤੇ ਨੂੰ'। ਕੁਝ ਲੋਕ ਅਮਨ ਰੂਪੀ 'ਕੰਬਦੇ ਪਾਣੀ ਵਿੱਚ ਪਰਛਾਈ ਚੰਨ ਦੀ' ਨੂੰ ਸਥਿਰ ਕਰਨ ਵੀ ਲੱਗੇ ਹਨ, ਦੁਆ ਹੈ ਕਿ ਅੱਲ੍ਹਾ ਫ਼ਜ਼ਲ ਕਰੇ। ਪਰ ਅਕਸਰ ਧਾਰਮਿਕ ਵਿਰੋਧਾਭਾਸ ਦੇ ਮਹੌਲ ਵਿੱਚ ਅਹਿਸਾਸ ਹੁੰਦਾ ਹੈ ਕਿ 'ਲਗਦਾ ਹੈ ਕਿ ਮੈਂ ਹਾਂ ਖ਼ੁਦਾ ਦੀ ਜ਼ਾਤ ਆਖ਼ਰੀ', ਪਰ ਫਿਰ ਵੀ, ਉਮੀਦ 'ਤੇ ਦੁਨੀਆਂ ਚਲਦੀ ਹੈ:

ਵੇਲ ਚੜ੍ਹੀ ਤਾਂ ਪੱਥਰੋਂ ਫੁੱਲ ਹੋ ਜਾਣਗੀਆਂ।
ਕੰਧਾਂ ਵਿੱਚ 'ਕੁਲਤਾਰ' ਹੈ ਗੱਡੀ ਕਿੱਲ ਜਾਂਦਾ॥

ਮੇਰੇ ਅਲਫ਼ਾਜ਼ਾਂ ਦੇ ਕਾਵਿਕ ਜਾਮਾ ਪਹਿਨਣ ਵਿੱਚ ਬਹੁਤ ਹੀ ਮੁਹੱਬਤ ਭਰੇ ਅਤੇ ਬਹੁਤ ਹੀ ਦੁਖਦ ਪਲਾਂ ਦਾ ਵੱਡਾ ਹੱਥ ਹੈ। ਮੈਂ 'ਦੋਸਤਾਂ ਵਰਗੇ ਅਧਿਆਪਕਾਂ' ਅਤੇ 'ਅਧਿਆਪਕਾਂ ਵਰਗੇ ਦੋਸਤਾਂ', ਜਿਨ੍ਹਾਂ ਤੋਂ ਮੈਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਬਹੁਤ ਕੁਝ ਸਿੱਖਿਆ ਹੈ, ਦਾ ਰਿਣੀ ਹਾਂ। ਉਚੇਚੇ ਤੌਰ 'ਤੇ ਡਾ. ਪ੍ਰਿਤਪਾਲ ਸਿੰਘ ਮਹਿਰੋਕ, ਡਾ. ਜਗਜੀਤ ਸਿੰਘ, ਡਾ. ਸਾਂਵਲ ਧਾਮੀ, ਮਾਸਟਰ ਜੋਗਾ ਸਿੰਘ ਬਠੁੱਲਾ, ਫ਼ੌਜਦਾਰ ਸਿੰਘ ਦਿਲਗ਼ੀਰ, ਰਸ਼ਪਾਲ ਭਾਜੀ, ਅਜ਼ੀਜ਼ ਸਤਿੰਦਰ ਸਰਤਾਜ ਅਤੇ ਬਿਪਨਜੀਤ ਬੇਦੀ ਦਾ ਧੰਨਵਾਦੀ ਹਾਂ। ਇਨ੍ਹਾਂ 'ਨਾ-ਮੁਰਾਦ ਜਿਹੀ ਕੋਈ ਬਿਮਾਰੀ'

ਲੱਗੀਆਂ ਰਚਨਾਵਾਂ ਦੇ ਪੁਸਤਕ ਦਾ ਰੂਪ ਧਾਰਨ ਕਰਨ ਵਿੱਚ ਬਹੁਤ ਹੀ ਅਜ਼ੀਜ਼ ਰੂਹਾਂ ਦਾ ਉਪਰਾਲਾ ਸ਼ਾਮਿਲ ਹੈ। ਹੌਸਲਾ-ਅਫ਼ਜ਼ਾਈ ਕਰਨ ਤੇ ਸਾਥ ਦੇਣ ਲਈ ਆਪਣੇ ਮਾਤਾ-ਪਿਤਾ, ਡਾ. ਮਨਦੀਪ ਸ਼ਰਮੀਲਾ, ਹੀਰਾ ਸਿੰਘ ਰਤਨ, ਬਲਵਿੰਦਰ ਨੂਰ, ਇੰਦਰਜੀਤ ਬਜਰਾਵਰ, ਗੁਰਪ੍ਰੀਤ ਤੰਬੜ ਅਤੇ ਲੋਕਗੀਤ ਪ੍ਰਕਾਸ਼ਨ ਦੇ ਸਮੁੱਚੇ ਅਮਲੇ ਦਾ ਸ਼ੁਕਰ-ਗੁਜ਼ਾਰ ਹਾਂ। ਮੇਰੀ ਇਸ ਪਲੇਠੀ ਪੁਸਤਕ ਦੀ ਆਪ ਨਾਲ਼ ਪਹਿਚਾਣ ਕਰਵਾਉਣ ਲਈ ਡਾ. ਸੁਖਦੇਵ ਸਿੰਘ ਸਿਰਸਾ ਤੇ ਸੁਰਜੀਤ ਪਾਤਰ ਜੀ ਦਾ ਧੰਨਵਾਦੀ ਹਾਂ।

'ਇਬਾਰਤ' ਬਾਰੇ ਇੱਕ ਗੱਲ ਕਰ ਲਵਾਂ, ਸ਼ਾਬਦਿਕ ਨਜ਼ਰੀਏ ਤੋਂ ਦੇਖੀਏ ਤਾਂ ਭਾਈ ਕਾਹਨ ਸਿੰਘ ਨਾਭਾ ਨੇ ਇਸਦੀ ਪਰਿਭਾਸ਼ਾ 'ਸ਼ਬਦਾਂ ਨੂੰ ਵਿਆਕਰਣ ਦੀ ਰੀਤੀ ਨਾਲ਼ ਜੋੜਨ ਦੀ ਕਿਰਿਆ' ਦਿੱਤੀ ਹੈ। ਇਹੀ ਇਬਾਰਤ ਹੱਥਾਂ ਨਾਲ਼ ਲਿਖ ਹੋ ਕੇ ਜਾਂ ਛਪ ਕੇ ਕਾਗ਼ਜ਼ 'ਤੇ ਉੱਤਰਦੀ ਹੈ ਤੇ ਛਾਪੇਖਾਨੇ ਵਿੱਚ ਕੋਈ ਤਰੁੱਟੀ ਆ ਜਾਵੇ ਤਾਂ ਇਸ ਨੂੰ ਪੜ੍ਹ ਸਕਣ ਵਿੱਚ ਅਸਮਰਥਤਾ ਆ ਜਾਂਦੀ ਹੈ, ਭਾਵ ਵਰਕੇ ਉੱਤੇ ਛਪੀਆਂ ਸਤਰਾਂ ਵਿੱਚ ਦੋਹਰੇ ਤੇ ਟੇਢੇ-ਮੇਢੇ ਛਾਪੇ ਕਾਰਨ ਅਸੰਤੁਲਨ, ਜਿਸਨੂੰ 'ਰਲ਼ਗੱਡ' ਹੋਣਾ ਕਹਿੰਦੇ ਹਾਂ। ਕਾਵਿਕ ਲਹਿਜ਼ੇ ਤੋਂ ਦੇਖੀਏ ਤਾਂ ਅਰਥਾਂ ਨੂੰ ਜਦ ਲਗਦਾ ਕਿ ਸ਼ਬਦ ਸਾਡੀ ਸਹੀ ਤਰਜਮਾਨੀ ਨਹੀਂ ਕਰ ਰਹੇ ਤਾਂ ਕਵੀ-ਮਨ ਨੂੰ ਲਗਦਾ ਹੈ ਕਿ ਜਿਵੇਂ ਅਰਥਾਂ ਨੇ ਸ਼ਬਦਾਂ ਦੀ ਇਮਾਰਤ ਢਾਹ ਦਿੱਤੀ ਹੋਵੇ ਤੇ ਇਹ ਮਲਬੇ ਵਰਗੀ ਸਥਿਤੀ ਪੜ੍ਹ ਸਕਣ ਵਿੱਚ ਅਸਮਰਥਤਾ ਦਾ ਕਾਰਣ ਬਣ ਗਈ ਹੈ ਤੇ ਇਹ ਸ਼ਬਦਾਂ ਦੀ ਢਹੀ ਹੋਈ ਇਮਾਰਤ ਭਾਵ ਇਬਾਰਤ ਅਰਥ-ਸੰਚਾਰ ਦੀ ਸ਼ਕਤੀ ਗਵਾ ਬੈਠੀ ਹੈ। ਇੱਕ ਗੱਲ ਹੋਰ, ਕਹਿੰਦੇ ਨੇ ਗ਼ਜ਼ਲ ਦਾ ਕੋਈ ਸਿਰਲੇਖ ਨਹੀਂ ਹੁੰਦਾ, ਕਾਰਣ ਨਹੀਂ ਲੱਭਾ, ਸੋ ਸਿਰਲੇਖਾਂ ਸਹਿਤ ਹਾਜ਼ਿਰ ਹਨ। ਲਓ ਜੀ ਆਪਣੀਆਂ ਮੁਕੰਮਲ ਘਾਟਾਂ, ਅਵਗੁਣਾਂ ਤੇ ਅਪਰਾਧਾਂ ਸਮੇਤ ਆਪਦੀ ਕਚਿਹਰੀ ਹਾਂ। 'ਬੇਵੱਸ ਅਰਥਾਂ ਢਾਹ ਦਿੱਤੀ ਜਿਉਂ ਸ਼ਬਦਾਂ ਦੀ ਇਮਾਰਤ', ਇਸ ਵਿੱਚੋਂ ਖ਼ੁਦ ਹੀ ਅਰਥਾਂ ਦੇ ਨਕਸ਼ ਪਛਾਣ ਲੈਣੇ ਜੀ, ਆਪਦੀ ਪੇਸ਼-ਏ-ਨਜ਼ਰ ਹੈ ਇਹ:

"ਰਲ਼ਗੱਡ ਹੋਈ ਇਬਾਰਤ"

**ਕੁਲਤਾਰ ਬਜਰਾਵਰ**

22 ਮਈ 2012

# ਵਿਸ-ਗੰਦਲਾਂ

ਸੱਚ ਇਹ ਨੇ 'ਵਿਸ-ਗੰਦਲਾਂ' ਧਰੀਆਂ ਖੰਡ ਲਬਰੇਜ਼।
ਸ਼ਬਦ-ਅਡੰਬਰ ਸਿਰਜਿਆ ਮੈਂ ਤਾਂ ਹਰ ਇੱਕ ਪੇਜ਼॥

ਨਹੀਂ 'ਕੁਲਤਾਰ' ਤੂੰ ਏਦਾਂ ਲਿਖ, ਨਹੀਂ ਜ਼ਰਾ ਲਿਖ ਏਦਾਂ।
ਯਾਰਾਂ ਦੀ ਸਿਫ਼ਾਰਿਸ਼ ਅਕਸਰ ਬਣਦੀ ਮੇਰਾ ਮੇਜ਼॥

'ਦੌਰ' ਆਪਣੇ ਤੋਂ ਬੰਦਾ ਥੋੜ੍ਹਾ ਜ਼ਿਆਦਾ ਵੀ ਭੱਜ ਲੈਂਦਾ।
ਲੇਕਿਨ ਹੁੰਦੀ 'ਵਕਤ' ਦੀ ਰਫ਼ਤਾਰ ਸਭਾਂ ਤੋਂ ਤੇਜ਼॥

ਆਪਣੇ ਧਰਮ ਦੇ ਸਾਰੇ ਚੰਗੇ, ਦੂਜੇ ਦੇ ਸਭ ਮਾੜੇ।
ਕਾਹਤੋਂ ਲੋਕੀਂ ਕਰਦੇ ਨੇ ਸੱਚ ਬੋਲਣ ਤੋਂ ਪਰਹੇਜ਼॥

ਨਾ ਨਾਨਕ, ਨਾ ਬੁੱਲ੍ਹਾ, ਨਾ ਹੀ ਵਾਰਿਸ, ਨਾ ਹੈ ਕਾਦਰ।
ਕੀ ਕਹੀਏ 'ਬਜਰਾਵਰ' "ਵੀ ਅਰ ਬੌਰਨ ਇਨ ਰੌਂਗ ਏਜ਼"॥

# ਆਜ਼ਾਦੀ

ਅਸੀਂ ਓਹਨਾਂ ਅੱਖਾਂ 'ਚ ਉਮੀਦਾਂ ਘੋਲ਼ੀਆਂ।
ਜਿਹਨਾਂ ਲੋਕਾਂ ਦੀਆਂ ਨੇ ਜ਼ਮੀਰਾਂ ਬੋਲ਼ੀਆਂ॥

ਅੱਖਾਂ ਵਿੱਚ ਲੱਖਾਂ ਨੇ ਤੂਫ਼ਾਨ ਨੱਚਦੇ।
ਸੂਰਤਾਂ ਨੇ ਸਾਡੀਆਂ ਹਜ਼ਾਰ ਭੋਲ਼ੀਆਂ॥

ਉਨ੍ਹਾਂ ਸ਼ਾਸਕਾਂ ਤੋਂ ਲਏ ਵੱਡੇ ਤਮਗ਼ੇ।
ਸ਼ੇਖ਼ਰ ਦੀ ਲਾਸ਼ ਉੱਤੇ ਮਾਰ ਗੋਲ਼ੀਆਂ॥

ਮਿੱਟੀ ਕੋਲ਼ ਲੈ ਕੇ ਤੇ ਪਰਾਈ ਮਿੱਟੀ 'ਚ।
ਮਿੱਟੀ ਵਿੱਚ ਅਸਾਂ ਦਹਿਸ਼ਤਾਂ ਨੇ ਰੋਲ਼ੀਆਂ॥

ਪਾਈਆਂ 'ਕੁਲਤਾਰ' ਨੇ ਕਿਤਾਬਾਂ ਏਹਨਾਂ 'ਚ।
ਰੱਖੇ ਹਥਿਆਰ ਵੀ ਛੁਪਾ ਕੇ ਝੋਲ਼ੀਆਂ॥

ਜ਼ਿੰਦਗੀ ਦਾ ਪ੍ਰਣਾਮ ਹੈ ਸ਼ਹੀਦਾਂ ਨੂੰ।
ਮੌਤ ਦੀਆਂ ਜਿਹੜੇ ਨੇ ਲਿਆਏ ਡੋਲੀਆਂ॥

ਜਿਹੜੀਆਂ ਆਜ਼ਾਦੀਆਂ ਹਾਂ ਅੱਜ ਮਾਣਦੇ।
ਔਖ ਨਾ' ਜੰਜ਼ੀਰਾਂ ਵਿੱਚੋਂ ਗਈਆਂ ਟੋਲ਼ੀਆਂ॥

# ਅਭਿਆਸ

ਲੈ ਨ੍ਹੀ ਹੋਣਾ ਤੇਰੇ ਤੋਂ ਜਦ ਖ਼ਾਹਿਸ਼ਾਂ ਤੋਂ ਸੰਨਿਆਸ।
ਕਰ ਲੈ ਮਨ ਤੂੰ ਬਿਰਹਾ ਦੇ ਸੰਗ ਜਿਊਣੇ ਦਾ ਅਭਿਆਸ॥

'ਸੋਸ਼ਲ' ਜਿਹਾ ਕੋਈ ਮੁੱਦਾ ਲੈ ਕੇ ਬੈਠਾ ਰਹੇ ਦਿਮਾਗ਼।
ਦਿਲ 'ਇਮੋਸ਼ਨਲ' ਨੂੰ ਪਰ ਅਕਸਰ ਇਹ ਨਾ ਆਉਂਦਾ ਰਾਸ॥

ਬਾਕੀ ਬੰਦਿਸ਼ਾਂ ਵੀ ਫਿਰ ਸ਼ਾਇਦ ਆਪੇ ਘੱਟ ਹੋ ਜਾਵਣ।
ਰੂਹ ਤੇ ਰੂਹ ਦੇ ਮੇਲ਼ ਵਿੱਚ ਜੇ ਕਰ ਨਾ ਆਵੇ ਮਾਸ॥

ਕਹਿੰਦੇ ਨੇ ਪਸੰਦ ਓਸਦੀ ਕਦੇ ਆਮ ਨਹੀਂ ਹੁੰਦੀ।
ਤਾਂ ਹੀ ਤਾਂ ਖ਼ੁਦਾ ਨੇ ਸਾਨੂੰ ਨਹੀਂ ਬਣਾਇਆ ਖ਼ਾਸ॥

ਨੈਣਾਂ ਦੇ ਵਿੱਚ ਖ਼ਾਬ ਜਾਗਦੇ, ਯਾਦਾਂ ਹੈ ਦਰ ਮੱਲਿਆ।
ਆ ਜਾਵੀਂ 'ਬਜਰਾਵਰ' ਸਾਡਾ ਹਿਜ਼ਰਾਂ ਦੇ ਵਿੱਚ ਵਾਸ॥

ਸਾਰੇ ਸਾਥੀ ਅੰਤ ਨੂੰ ਪੱਥਰ ਮਾਰਨ ਵਾਲ਼ੇ ਹੀ ਨੇ।
ਲੱਭ ਲੈ 'ਸਾਥ' ਕੋਈ ਜੋ ਤੈਨੂੰ ਦੇਵੇਗਾ ਧਰਵਾਸ॥

ਕੀ ਖੱਟਿਆ 'ਕੁਲਤਾਰ' ਤੁਸਾਂ ਨੇ, ਹੈ ਕੁਝ ਦੱਸਣੇ ਜੋਗਾ।
ਕੁਝ ਉਜੜੀਆਂ ਸੱਧਰਾਂ ਤੋਂ ਬਿਨ ਕੀ ਹੈ ਤੇਰੇ ਪਾਸ॥

## ਅਹਿਸਾਸ

ਜਦ ਵੀ ਤੇਰੇ ਦਰ ਜਾਵਾਂ।
ਦਿਲ ਨਹੀਂ ਕਰਦਾ ਘਰ ਜਾਵਾਂ॥

ਤਿਰੀ ਪਿਆਸ ਦਾ ਅਹਿਸਾਸ ਬੜਾ।
ਬਣ ਬੱਦਲ਼ੀ ਵੇ ਮੈਂ ਵਰ੍ਹ ਜਾਵਾਂ॥

ਪਿਆਰ ਤੇਰਾ ਮੈਂ ਜਿੱਤਿਆ ਏ।
ਭਾਵੇਂ ਸਾਹ ਵੀ ਹਰ ਜਾਵਾਂ॥

ਜਿਉਂ ਪਾਣੀ ਦੇ ਵਿੱਚ ਖੰਡ ਘੁਲ਼ੇ।
ਮੈਂ ਤੇਰੇ ਵਿੱਚ ਖ਼ਰ ਜਾਵਾਂ॥

ਤੂੰ ਪਾਰ ਕਿਨਾਰੇ 'ਵਾਜ ਦਏਂ।
ਇਸ਼ਕ-ਝਨਾਅ ਮੈਂ ਤਰ ਜਾਵਾਂ॥

ਤੂੰ ਨਿੱਘੀ ਗਲਵੱਕੜੀ ਪਾਵੇਂ।
ਜਦੋਂ ਹਿਜ਼ਰ ਵਿੱਚ ਠਰ ਜਾਵਾਂ॥

ਆਪਣੇ ਸਾਹਾਂ ਨੂੰ 'ਕੁਲਤਾਰ'।
ਤੇਰੇ ਨਾਵੇਂ ਕਰ ਜਾਵਾਂ॥

ਰਸਮਾਂ ਦੀ ਇਹ ਭੁੱਲ-ਭੁੱਲਈਆ।
ਤੂੰ ਹੀ ਦੱਸ ਕਿਧਰ ਜਾਵਾਂ॥

ਜੋ ਰਾਹ ਤੈਥੋਂ ਦੂਰ ਲਿਜਾਵੇ।
ਓਧਰ ਨਾ ਮੈਂ ਪਰ ਜਾਵਾਂ॥

ਤੂੰ ਮੇਰੇ ਵਿੱਚ 'ਰਮ' ਜਾ ਵੇ।
ਮੈਂ ਤੇਰੇ ਲਈ 'ਮਰ' ਜਾਵਾਂ॥

'ਬਜਰਾਵਰ' ਮੁੱਖੜਾ ਮੋੜੀਂ ਨਾ।
ਮਤੇ ਮਾਲ਼ਾ ਵਾਂਗ ਬਿਖ਼ਰ ਜਾਵਾਂ॥

# ਅਲੰਕਾਰ

ਵਿਵਹਾਰ ਗ਼ਰੀਬਾਂ ਨਾਲ਼ ਕੋਝੇ ਨਹੀਂ ਕਰੀ ਦੇ।
ਜਾਣ-ਬੁੱਝ ਕੇ ਮਾੜੇ ਨਹੀਂ ਅਲੰਕਾਰ ਘੜੀ ਦੇ॥

ਸਮਝੇਂ ਬਸ ਮਜ਼ਾਕ ਹੀ; ਲਗਦੈ ਜਦ ਆਖੇਂ।
ਆਈਂ ਮਿਲਣ ਅਮਾਵਸ ਨੂੰ ਨੀ ਸੋਹਣੀਏ ਈਦੇ॥

ਸ਼ਹਿਰ ਤੇਰੇ ਲੈ ਕੇ ਸੌ ਆਸਾਂ ਆਏ ਸਾਂ।
ਅੱਜ ਵੀ ਏਥੇ ਭਟਕਦੇ ਹਾਂ ਬੇ-ਉਮੀਦੇ॥

ਵਾਹਲ਼ੇ ਮਹਿੰਗੇ ਮੁੱਲ ਤੋਂ ਖ਼ਾਬ ਵਿਹਾਜੇ ਸੀ।
ਹੁਣ ਗ਼ਲ਼ੀਏਂ ਲੈ-ਲੈ ਘੁੰਮਦੇ ਪਰ ਕੌਣ ਖਰੀਦੇ॥

ਇੱਕ ਦਿਨ ਚਾਨਣ ਬਣ ਦੂਰੋਂ ਹੀ ਦਿਖ ਜਾ ਵੇ।
ਤੇਰੇ ਲਈ 'ਕੁਲਤਾਰ' ਅਸਾਂ ਨੇ ਗ਼ਾਲ਼ੇ ਦੀਦੇ॥

ਅੰਬਰਾਂ ਵਿੱਚ ਖ਼ਿਲਾਰ ਦੇ, ਵਿੱਚ ਸੁਰਾਂ ਦੇ ਢਾਲ਼ ਕੇ।
ਨਕਸ਼ ਸੁਆਰ ਨ੍ਹੀ ਹੋਣੇ ਤੈਥੋਂ ਗ਼ਜ਼ਲ ਮਰੀ ਦੇ॥

# ਅਮੁੱਲ

ਕਈ ਨਗ਼ਮੇ ਤਾਂ 'ਮੌਕੇ' ਆਪ ਅਮੁੱਲ ਬਣਾਉਂਦੇ ਨੇ।
ਕੁਝ ਤਸਵੀਰਾਂ ਰੰਗ ਆਪੇ ਹੀ ਡੁੱਲ ਬਣਾਉਂਦੇ ਨੇ॥

ਸੁੱਕਿਆਂ ਪੱਤਿਆਂ ਨੂੰ ਰਗੜ ਕੇ ਮਹਿੰਦੀ ਬਣਦੀ ਏ।
ਓਹਦੇ ਸੰਗ ਫਿਰ ਖਿੜਦੇ ਹੋਏ ਫੁੱਲ ਬਣਾਉਂਦੇ ਨੇ॥

ਸੜਕਾਂ ਕੰਢੇ ਬਾਲ ਪਰਾਏ ਰੁਲ਼ਦੇ ਫਿਰਦੇ ਨੇ।
ਆਪਣੇ ਤਾਂ ਪਸ਼ੂਆਂ ਖ਼ਾਤਿਰ ਵੀ ਝੁੱਲ ਬਣਾਉਂਦੇ ਨੇ॥

ਅਪਰਾਧਾਂ ਨੂੰ ਥੰਮਣ ਲਈ ਕਾਨੂੰਨ ਬਣਾਏ ਨੇ।
ਆਪੇ ਤੋੜਨ ਲਈ ਫਿਰ ਵਿੱਚੇ ਖੁੱਲ੍ਹ ਬਣਾਉਂਦੇ ਨੇ॥

ਕੁੱਲ ਮੁਟਿਆਰਾਂ ਘੱਟ ਉਮਰ ਦੀਆਂ ਬਣਦੀਆਂ ਰਹਿੰਦੀਆਂ ਨੇ।
ਸੱਚੇ-ਸੁੱਚੇ ਗੱਭਰੂ ਖ਼ੁਦ ਨੂੰ ਕੁੱਲ ਬਣਾਉਂਦੇ ਨੇ॥

ਵੇਖਣ ਲਈ ਤਮਾਸ਼ਾ, ਸਾਡੇ ਸਨ ਸਹਾਰੇ ਜੋ।
ਮਹਿਫ਼ਿਲ ਵਿੱਚ ਲਿਜਾ ਕੇ ਆਪੇ ਟੁੱਲ ਬਣਾਉਂਦੇ ਨੇ॥

ਇੱਕ ਗਲਤੀ ਕਰ ਕੇ ਤੇ ਕਹਿੰਦੇ ਮੁੜ ਕੇ ਨਹੀਂ ਕਰਨੀ।
ਮਹਿਲ ਕੂੜ ਦੇ ਫਿਰ ਵੀ ਸਾਰੇ ਭੁੱਲ ਬਣਾਉਂਦੇ ਨੇ॥

ਚੁੱਪ 'ਕੁਲਤਾਰ', ਕਿ ਜੀਭਾ ਹਰ ਥਾਂ ਨਸ਼ਰ ਕਰਾਉਂਦੀ ਏ।
ਮਹਿਫ਼ਿਲ ਦੇ ਵਿੱਚ ਢੱਕਿਆ ਹੋਇਆ ਬੁੱਲ ਬਣਾਉਂਦੇ ਨੇ॥

ਹੁਣ ਪੰਜਾਬੀ ਰਸਮਾਂ-ਰੀਤਾਂ ਭੁੱਲ ਹੀ ਗਏ ਲਗਦਾ।
ਵਿੱਚ ਬਜ਼ਾਰੋਂ ਬਹੁਤ ਸੁਗਾਤਾਂ ਮੁੱਲ ਬਣਾਉਂਦੇ ਨੇ॥

# ਅਨੰਤ

ਬੱਸ ਇੱਕ ਇਹੀਓ ਸੋਚਦਿਆਂ ਲੰਘੇ ਸਾਹ ਅਨੰਤ।
ਦੱਸ ਤਾਂ ਸਹੀ ਤੂੰ ਸੋਚਿਆ ਕੀ ਏ ਮੇਰਾ ਅੰਤ॥

ਸੌ ਮੀਲਾਂ ਦੀ ਚੁੱਪ ਦਾ ਪੈਂਡਾ, ਇੱਕ ਪਲ ਵਿੱਚ ਉਲੰਘਦਾ।
ਲੱਖਾਂ ਸੱਧਰਾਂ ਕੁਚਲ਼ ਕੇ ਜਦ ਦਵਾਂ ਜਵਾਬ ਤੁਰੰਤ॥

ਇਸ ਚਿਹਰੇ 'ਚੋਂ ਚੋਰ ਇੱਕ ਜ਼ਬਰਨ ਰਹਿੰਦਾ ਝਾਕਦਾ।
ਅੰਦਰੋਂ-ਅੰਦਰ ਗੁੰਮ-ਸੁੰਮ ਹੀ ਇੱਕ ਮਰਦਾ ਰਹਿੰਦਾ ਸੰਤ॥

ਮੇਰੇ ਸੁਪਨੇ, ਸੱਧਰਾਂ, ਸਾਹ, ਸੋਚ ਵੀ ਗਿਰਵੀ ਦੋਸਤੋ।
ਇੱਕ ਝੂਠੀ ਜਿਹੀ ਜ਼ਿੰਦਗੀ ਦੇ ਸੰਗ ਫਿਰ ਵੀ ਮੈਂ ਜੀਵੰਤ॥

ਰੇਤਾ 'ਤੇ 'ਕੁਲਤਾਰ' ਜੋ ਲਿਖਿਆ ਤੇਰਾ ਨਾਮ।
ਬੱਸ ਇੱਕ 'ਵਾ ਦੇ ਬੁੱਲੇ ਸੰਗ ਹੋ ਗਿਆ ਝੱਟ ਉਡੰਤ॥

## ਅਰਮਾਨ

ਬਾਹਰ ਦਿਆਂ ਨੇ ਸੰਘੀ ਘੁੱਟੀ ਅੰਦਰ ਦੇ ਘਮਸਾਨਾਂ ਦੀ।
ਬਦਲ ਜਾਂਦੀ ਏ ਸ਼ਹਿਰ ਅਉਣ 'ਤੇ ਫ਼ਿਤਰਤ ਹੀ ਇਨਸਾਨਾਂ ਦੀ॥

ਨਿਰੀਆਂ ਹਨ ਮਕਾਨਕੀ ਗੱਲਾਂ, ਇਸ 'ਚੋਂ ਸੁਹਜ-ਸੁਆਦ ਨ੍ਹੀ ਲੱਭਣਾ।
ਘਰ ਦਾ ਇਸ ਵਿੱਚ ਜ਼ਿਕਰ ਨਹੀਂ ਏ, ਇਹ ਹੈ ਕਥਾ ਮਕਾਨਾਂ ਦੀ॥

ਇਹ ਪਿਆਰਾਂ ਤੋਂ ਖਾਲੀ ਜੀਕਣ ਖਾਲੀ ਬੋਤਲਾਂ ਕੂੜੇ 'ਚ।
ਏਸ ਸ਼ਹਿਰ ਦੇ ਲੋਕਾਂ ਵਿੱਚ ਤਬੀਅਤ ਹੈ ਸ਼ਮਸ਼ਾਨਾਂ ਦੀ॥

ਸਲਾਮ-ਦੁਆ ਵੀ ਕਰਦਾ ਨਾ ਕੋਈ, ਜੇਕਰ ਗ਼ਰਜ਼ ਨਾ ਹੋਵੇ।
ਖ਼ਾਬ ਚੁਰਾਉਂਦੇ ਨੇ 'ਕੁਲਤਾਰ', ਨਗਰੀ ਬੇ-ਈਮਾਨਾਂ ਦੀ॥

ਪੱਥਰਾਂ ਵਾਂਗੂੰ ਖੜ੍ਹ ਜਾਂਦੇ ਜਾਂ ਵਾਂਗ ਮਸ਼ੀਨਾਂ ਲੰਘ ਜਾਂਦੇ।
ਏਹਨਾਂ ਕੋਲ਼ੋਂ ਲੰਘੇ ਭਾਵੇਂ ਅਰਥੀ ਵੀ ਅਰਮਾਨਾਂ ਦੀ॥

# ਅਸਤਿਤਵ

ਇੱਕ ਤੇਰਾ ਅਸਤਿਤਵ ਲੱਖ ਦਾ।
ਤੇਰੇ ਬਾਝੋਂ ਮੈਂ ਨਹੀਂ ਕੱਖ ਦਾ॥

ਦਿਲ ਤੋਂ ਵੱਧ ਨਹੀਂ ਪੂੰਜੀ ਮੇਰੀ।
ਤੈਨੂੰ ਹੋਰ ਮੈਂ ਕਿੱਥੇ ਰੱਖਦਾ॥

ਜੋ ਤੂੰ ਚਾਹੁੰਨੈਂ ਓਹੀ ਹੁੰਦਾ।
ਸੋਚ ਕਦੇ ਤਾਂ ਮੇਰੇ ਪੱਖ ਦਾ॥

ਉਸਦੀ ਵੀ ਹਿੰਮਤ ਨਾ ਹੋਈ।
ਸਾਡਾ ਰੋਂਦਾ ਚਿਹਰਾ ਤੱਕਦਾ॥

ਬੱਸ ਉਸਦੇ ਹੀ ਸੋਹਿਲੇ ਗਾਉਂਦਾ।
ਹਰ ਦਮ; ਇਹ 'ਕੁਲਤਾਰ' ਨਾ ਥੱਕਦਾ॥

ਦਿਲ ਦੇ ਕੋਲ਼ ਦਲੀਲਾਂ ਕਾਫ਼ੀ।
ਪਰ ਸਮਝਾਉਣਾ ਮਸਲਾ ਵੱਖ ਦਾ॥

ਪਿਆਸੇ ਮਰ ਗਏ, ਆਇਆ ਨਹੀਂ ਪਰ।
ਬੁੱਲ੍ਹਾਂ ਤੀਕਰ ਪਾਣੀ ਅੱਖ ਦਾ॥

ਨਹੀਂਓਂ ਡਰ ਕੋਈ ਮੈਨੂੰ ਸ਼ੱਪ ਦਾ।
ਬਣਿਆ ਰਹਿ ਤੂੰ ਮੇਰੇ ਪੱਖ ਦਾ॥

# ਬੇ-ਰਸ

ਘਾਟਾਂ ਦੇ ਸੰਗ ਲੜਨੇ ਨੂੰ, ਹਰ ਖੇਡ 'ਚ ਹਰਨੇ ਨੂੰ।
ਮੈਂ ਤਾਂ ਬੱਸ ਜਿਊਂਦਾ ਹਾਂ, ਲਗਦਾ ਦੁੱਖ ਜਰਨੇ ਨੂੰ॥

ਤੇਰੀ ਜ਼ਿੰਦਗੀ ਵਿੱਚ ਹੋਰ ਵੀ ਰੌਣਕ ਹੋਵੇ ਸ਼ਾਲਾ।
ਡੁੱਬਦਾ-ਡੁੱਬਦਾ ਨੀਝ ਨਾਲ਼ ਮੈਂ ਦੇਖਾਂ ਝਰਨੇ ਨੂੰ॥

ਹੁਣ ਵੀ, ਹੁਣ ਵੀ, ਹੁਣ ਵੀ ਕੋਈ ਗ਼ਮ ਉਸਨੇ ਦੇ ਦੇਣਾ।
ਦੱਸ ਕਿਵੇਂ ਮੈਂ ਰੋਕਾਂ ਹਾਇ! ਰੂਹ ਦੇ ਡਰਨੇ ਨੂੰ॥

ਹੱਥਾਂ ਦੀਆਂ ਲਕੀਰਾਂ ਵਿੱਚ ਲਿਆਉਂਦਾ ਕੁਝ ਲਿਖਵਾ ਕੇ।
'ਕੁਲਤਾਰ' ਤੂੰ ਇੰਝ ਇਸ ਦੁਨੀਆਂ ਵਿੱਚ ਆਇਆ ਕੀ ਕਰਨੇ ਨੂੰ॥

ਇਸ ਬੇ-ਰਸ ਜਿਹੀ ਜ਼ਿੰਦਗੀ ਦੇ ਵਿੱਚ ਹੋਰ ਤਾਂ ਕੁਝ ਨਹੀਂ ਵਾਪਰਨਾ।
ਤਾਹੀਂਓਂ ਤਾਂ ਮੈਂ ਏਨਾ ਤਾਂਘਾ ਛੇਤੀ-ਛੇਤੀ ਮਰਨੇ ਨੂੰ॥

ਗ਼ਜ਼ਲਾਂ ਦਾ ਵੀ ਅਸਰ ਨਾ ਕੋਈ, ਓਹਦੇ ਲਈ ਇਹ ਰੱਦੀ।
ਛੱਡ 'ਬਜਰਾਵਰ' ਬੰਦ ਕਰ ਐਂਵੇ ਕਾਗ਼ਜ਼ ਭਰਨੇ ਨੂੰ॥

# ਬੇ-ਵੱਸ

ਬੇ-ਵੱਸ ਅਰਥਾਂ ਢਾਹ ਦਿੱਤੀ ਜਿਉਂ ਸ਼ਬਦਾਂ ਦੀ ਇਮਾਰਤ।
ਕੁਝ ਏਦਾਂ ਹੈ ਆਪਸ ਦੇ ਵਿੱਚ ਰਲ਼ਗੱਡ ਹੋਈ ਇਬਾਰਤ॥

ਵਰਕੇ ਉੱਤੇ, ਫਿੱਕੇ ਜਿਹੇ, ਦੋ ਹੰਝੂਆਂ ਦੇ ਦਾਗ਼ ਪਏ।
ਮੇਰੇ ਲਈ ਇਹ ਕਵਿਤਾ ਸੀ, ਉਸ ਦੇ ਲਈ ਬੁਝਾਰਤ॥

ਆਪਾਂ ਨੂੰ ਤਾਂ ਆਉਣ ਪਸੀਨੇ ਪੜ੍ਹ ਕੇ ਤੇਰੇ ਪੱਤਰ।
ਉਂਝ ਤਾਂ ਏਸ ਜਗ੍ਹਾ ਦੀ ਕਾੜ੍ਹੀ ਥੱਲੇ ਗਈ ਹਰਾਰਤ॥

ਇਸ ਬੇ-ਰੰਗ ਜ਼ਿੰਦਗੀ ਦੀ ਆਦਤ ਹੋ ਗਈ ਸੀ ਸਾਨੂੰ ਤਾਂ।
ਸੂਹਾ ਫੁੱਲ ਕਿਸ ਭੇਜਿਆ ਸਾਨੂੰ ਕਿਸਦੀ ਇਹ ਸ਼ਰਾਰਤ॥

ਬੱਸ ਜੋ ਕਿਹਾ, ਕਿਹਾ ਠੀਕ ਹੈ, ਸਿੱਧਾ ਦਵੇ ਜਵਾਬ।
'ਬਜਰਾਵਰ' ਨੂੰ ਯਾਰੋ ਨਹੀਂ ਚਲਾਕੀ ਵਿੱਚ ਮੁਹਾਰਤ॥

ਏਨੀਆਂ ਭਾਸ਼ਾ, ਨਸਲਾਂ ਏਥੇ ਫਿਰ ਵੀ ਸਾਰੇ 'ਕੱਠੇ।
ਇਹਦਾ ਹੈ ਇਹ ਮਾਣ, ਤੇ ਸਾਨੂੰ ਮਾਣ ਹੈ ਦਿੰਦਾ ਭਾਰਤ॥

## ਭਰੋਸਾ

ਸਾਡੇ ਨਾਲ਼ੋਂ ਵੱਧ ਭਰੋਸਾ ਸੱਜਣਾਂ ਤੈਨੂੰ ਗ਼ੈਰਾਂ 'ਤੇ।
ਬੱਸ ਦੋ ਹੰਝੂ ਅਰਪਿਤ ਕਰਨੇ ਚਾਹਵਾਂ ਤੇਰੇ ਪੈਰਾਂ 'ਤੇ॥

ਏਹਨਾਂ ਸਾਡਾ ਦੁੱਖ ਦੇਖ ਕੇ ਰੋ-ਰੋ ਅਸਰ ਗਵਾ ਲਿਆ ਏ।
ਕੰਮ ਕੌਣ ਹੁਣ ਕਰੂ ਤੁਹਾਡਾ, ਬਹੁ ਅਫਸੋਸ ਏ ਜ਼ਹਿਰਾਂ 'ਤੇ॥

ਪਾਪ ਅਸਾਂ ਨੂੰ ਆਪਣੇ ਅੱਥਰੂਆਂ ਦੇ ਸੰਗ ਹੀ ਧੋਣੇ ਪਏ।
ਰੱਖੋ ਸੁੱਚੇ ਨੀਰ ਆਪਣੇ, ਲਾਹਣਤ ਥੋਡੇ ਨਹਿਰਾਂ 'ਤੇ॥

ਸੱਜਣਾਂ ਤੇਰੇ ਇਸ਼ਕ ਨੇ ਸਾਨੂੰ ਕੀ-ਕੀ ਦੇਖ ਬਣਾ ਦਿੱਤਾ।
ਅੱਗ ਦੇ ਵਸਤਰ ਪਾ ਲੈਂਦੇ ਹਾਂ, ਤੁਰ ਲੈਂਦੇ ਹਾਂ ਲਹਿਰਾਂ 'ਤੇ॥

ਤੇਰੇ ਹਿਜ਼ਰਾਂ ਦਾ 'ਕੁਲਤਾਰ' ਜੰਗਲ਼ ਵਾਹਲ਼ਾ ਸੰਘਣਾ ਏ।
ਯਾਦਾਂ ਦੀ ਬਰਸਾਤ ਵੀ ਉੱਤੋਂ ਹੁੰਦੀ ਪਈ ਏ ਕਹਿਰਾਂ 'ਤੇ॥

# ਬੂੰਦਾਂ

ਹਵਾ ਜਿਹੇ ਸੱਜਣ ਦੇ ਸੰਗ ਅੱਖੀਆਂ ਕੀ ਜੁੜ ਗਈਆਂ।
ਜ਼ਿੰਦਗੀ ਵਾਲ਼ੇ ਰੁੱਖ ਤੋਂ ਜਿਉਂ ਖੁਸ਼ੀਆਂ ਹੀ ਉੜ ਗਈਆਂ।

ਸਾਡੀ ਰੋਣੀ ਸ਼ਕਲ ਦੇਖ ਕੇ, ਇਕ ਪਲ ਖਿੜਕੀ ਤੋਂ,
ਦੋ ਕੁ ਖੁਸ਼ੀਆਂ ਆਈਆਂ ਸੀ ਨੱਕ ਵੱਟ ਕੇ ਮੁੜ ਗਈਆਂ॥

ਮਹਿਲ ਉੱਚੇਰੇ ਸ਼ੌਂਕ ਤੇਰੇ ਦੇ, ਯਾਰਾ ਸਾਡੀ ਤਾਂ,
ਹਸਰਤ ਦੀ ਕਬਰ ਦੇ ਲਈ ਇੱਟਾਂ ਵੀ ਥੁੜ ਗਈਆਂ॥

'ਕੁਲਤਾਰ' ਮੁਹੱਬਤਾਂ ਵਾਲ਼ੇ ਪੁਲ਼ ਲੋੜਾਂ ਨੇ ਢਾਹ ਸੁੱਟੇ।
ਜ਼ਿੰਮੇਵਾਰੀ ਦੇ ਹੜ੍ਹ ਵਿੱਚ ਹੀ ਸੱਧਰਾਂ ਰੁੜ੍ਹ ਗਈਆਂ॥

ਲੰਮਾ ਪੈਂਡਾ ਹਿਜ਼ਰ ਤੇਰੇ ਦੇ ਥਲ ਦੇ ਤੁਰਿਆ ਹਾਂ।
ਹੰਝੂ ਤਾਂ ਕੀ ਖ਼ੂਨ ਦੀਆਂ ਬੂੰਦਾਂ ਵੀ ਸੁੜ੍ਹ ਗਈਆਂ॥

## ਬੁੱਤ-ਤਰਾਸ਼

ਓਹਦੇ ਹਿਜ਼ਰਾਂ ਦੀ ਅੱਗ ਕਾਰਣ ਜਲ਼ ਗਿਆ ਸੀ ਆਕਾਸ਼।
ਧਰਤੀ ਹੰਝੂਆਂ ਦੇ ਵਿੱਚ ਡੁੱਬੀ ਜਦ ਟੁੱਟਿਆ ਵਿਸ਼ਵਾਸ਼॥

ਉਸ ਬੁੱਤ ਸਾਹਵੇਂ ਬੈਠ ਕੇ ਓਹ ਤਾਂ ਰੋਂਦਾ ਜ਼ਾਰੋ-ਜ਼ਾਰ।
ਜਿਸ ਖ਼ਾਤਿਰ ਹੱਥ ਆਪਣੇ ਕਟਵਾ ਲਏ ਬੁੱਤ-ਤਰਾਸ਼॥

ਮਰਦਾ-ਖ਼ਪਦਾ ਪਹੁੰਚਿਆਂ ਤਾਂ ਉਸਨੇ ਬੂਹਾ ਢੋਅ ਲਿਆ।
ਤਦ ਹੀ ਮੰਗੀ ਮੌਤ ਮੈਂ ਹੋ ਕੇ ਅਤਿ ਨਿਰਾਸ਼॥

ਸਾਡੇ ਨਾਲ਼ੋਂ ਵੱਧ ਕੇ ਤੈਨੂੰ ਹੈ ਲੋਕਾਂ ਦਿਆਂ ਬੋਲਾਂ ਦਾ।
ਖ਼ਿਆਲ ਜ਼ਰਾ ਤਾਂ ਸਾਡਾ ਹਾਇ ਹੁੰਦਾ ਤੈਨੂੰ ਕਾਸ਼॥

ਸੌ ਵਾਰ ਕਿਹਾ 'ਕੁਲਤਾਰ' ਨੇ ਹੋ ਜਾ ਤੂੰ ਆਜ਼ਾਦ।
ਖ਼ੌਰੇ ਕਿਉਂ ਘੜੀਸ ਰਹੀ ਇਹ ਰੂਹ ਸਾਡੀ ਲਾਸ਼॥

## ਚੰਦਰਾ

ਰੌਸ਼ਨੀਆਂ-ਆਵਾਜ਼ਾਂ ਦਾ ਸੀ ਅੰਦਰ ਬਹੁ ਸਰਮਾਇਆ।
ਕੋਈ ਜਵਾਬ ਨਾ ਆਇਆ ਜਿਹੜਾ ਵੀ ਮੈਂ ਦਰ ਖੜਕਾਇਆ॥

ਹਰ ਕੋਈ ਆਪਣੀ ਝੀਲ ਬਣਾ ਕੇ ਉਸਦੀ ਰਾਖੀ ਬੈਠਾ।
ਤੇ ਰੁੱਖਾਂ ਵਿੱਚ ਵੱਜਦਾ ਫਿਰਦਾ ਮੈਂ ਮਰਦਾ, ਤਿਰਹਾਇਆ॥

ਏਧਰ-ਓਧਰ ਗੱਡੀਆਂ ਚੀਕਣ ਮੈਨੂੰ ਬਹੁਤ ਡਰਾਵਣ।
ਏਧਰ-ਓਧਰ, ਮੇਰੇ ਉੱਤੇ ਹੱਸੇ ਮੇਰਾ ਸਾਇਆ॥

ਤੱਕਦਿਆਂ ਹੋਇਆਂ ਚੰਦ ਨੂੰ ਦੂਰੋਂ, ਉਜਾਂ ਬਹੁਤ ਲਵਾਈਆਂ।
ਚੰਨ ਤਾਂ ਮੈਨੂੰ ਮਿਲਿਆ ਨਹੀਂ ਪਰ 'ਚੰਦਰਾ' ਮੈਂ ਸਦਵਾਇਆ॥

ਕਿਹੜੇ ਰੁੱਖ ਨਾ' ਫਾਹਾ ਲਈਏ, ਕਿਹੜੀ ਝੀਲੇ ਡੁੱਬੀਏ।
ਆਪਣਾ ਕੋਈ ਬਣਾਵੇ ਸਾਨੂੰ, ਸਾਰਿਆਂ ਲਈ ਪਰਾਇਆ॥

ਸੱਤ-ਅਸਮਾਨੋਂ ਬਿਹਬਲ ਹੋ ਕੇ ਕਿਸਨੇ 'ਵਾਜ ਲਗਾਈ।
ਗੂੰਜਦਾ ਹੋਇਆ ਇੱਕ ਸੰਦੇਸ਼ਾ ਕਿੱਥੋਂ ਸਾਨੂੰ ਆਇਆ॥

ਜਿੰਨਾ ਚਿਰ ਇਹ ਜ਼ਿੰਦਗੀ ਬੀਤੀ ਇੱਕ ਪਾਸੜ 'ਵਾ ਚੱਲੀ।
ਹੌਲ਼ੀ-ਹੌਲ਼ੀ ਕਰਕੇ ਆਪਣਾ ਸਭ ਕੁਝ ਅਸੀਂ ਗਵਾਇਆ॥

ਦੂਰ-ਦੂਰ ਰਹਿ ਕੇ ਵੀ ਸਾਡੇ ਉੱਪਰ ਕਿਰਪਾ ਰੱਖੀ।
ਮੋਹ ਕਿਤੇ ਵੀ ਪੈਣ ਨਾ ਦਿੱਤਾ ਸਾਡਾ ਕਦੀਂ ਵੀ ਮਾਇਆ॥

ਹੋਰ ਜਨਮ ਵੀ ਸਾਡੇ ਖ਼ੌਰੇ ਕਿੱਦਾਂ ਕੱਟੇ ਹੋਣੇ।
ਇਸ ਵਾਰੀ ਤਾਂ ਧਰਤੀ ਉੱਤੇ ਆ ਕੇ ਬਹੁ ਪਛਤਾਇਆ॥

ਸਾਰੇ ਗੁਣ-ਅਵਗੁਣ ਲੈ ਕੇ 'ਕੁਲਤਾਰ' ਹੁਰੀਂ ਮੁੜ ਚੱਲੇ।
ਨਾ ਕੁਝ ਅੰਦਰੋਂ ਕੱਢਿਆ ਓਹਨੇ ਤੇ ਨਾ ਹੀ ਕੁਝ ਪਾਇਆ॥

# ਦਹਿਲੀਜ਼

ਕਈ ਵਾਰੀ ਇਉਂ ਲੱਗਿਆ, ਸ਼ਾਇਦ ਆਪਾਂ ਨੇੜੇ ਦਰ ਪਹੁੰਚੇ।
ਲੇਕਿਨ ਮੈਂ ਤੇ ਹਵਾ; ਹਯਾਤੀ ਪੂਰੀ ਨਹੀਂਓਂ 'ਘਰ' ਪਹੁੰਚੇ॥

ਜੁਸਤਜੂ ਸਾਡੀ ਉਹ ਨਹੀਂ ਸੀ, ਉਹ ਕੋਈ ਹੋਰ ਜਗ੍ਹਾ ਸੀ।
ਜਿੱਥੇ ਪਰਬਤ ਚੀਰ ਕੇ ਆਪਾਂ ਦਰਿਆ ਨੂੰ ਸੀ ਤਰ ਪਹੁੰਚੇ॥

ਚਾਰੇ ਪਾਸੇ ਘੁੱਪ ਹਨ੍ਹੇਰਾ, ਟੋਹ-ਟੋਹ ਕੇ ਮੈਂ ਦੇਖਾਂ।
ਕੀ ਅੰਦਾਜ਼ਾ ਲਾਈਏ ਜੀ ਹੁਣ ਆਪਾਂ ਹਾਂ ਕਿੱਧਰ ਪਹੁੰਚੇ॥

ਕਈ ਵਾਰੀ ਲੱਗਿਆ 'ਕੁਲਤਾਰ' ਇਹ ਸੱਜਣ ਦੀ ਚੌਖ਼ਟ ਹੈ।
ਤੇ ਆਪਾਂ ਖ਼ਾਲੀ ਹੱਥ ਲੈ ਕੇ, ਹੰਝੂ ਨੈਣੀਂ ਭਰ ਪਹੁੰਚੇ॥

ਯਾ ਖ਼ੁਦਾ ਕਰ ਰਹਿਮਤ ਇਹ ਤੇਰੀ ਦਹਿਲੀਜ਼ ਹੀ ਹੋਵੇ।
ਭਟਕਣ ਨੂੰ ਹੁਣ ਦੇ ਦੇ ਮੰਜ਼ਿਲ, ਮਸਾਂ-ਮਸਾਂ ਮਰ-ਮਰ ਪਹੁੰਚੇ॥

# ਦਿਖਾਵਾ

ਯਾਰ ਦਿਖਾਵਾ ਸਾਨੂੰ ਨਹੀਂਓਂ ਆਉਂਦਾ ਉੱਕਾ।
ਚੰਗਾ ਥੋਡੀ ਮਹਿਫ਼ਿਲ ਵਿੱਚੋਂ ਕੰਮ ਤਾਂ ਮੁੱਕਾ॥

ਆਇਆਂ ਚੰਗਾ ਸ਼ਹਿਰ; ਗਿਆਂ ਤੂੰ ਸਾਨੂੰ ਮਿਲਣੋਂ।
ਦਰਵਾਜ਼ੇ ‘ਤੇ ਟੰਗ ਗਏ ਉਹ ਲਿਖ ਕੇ ਰੁੱਕਾ॥

ਖੋਟੇ ਲੇਖ ਨੇ ਸਾਡੇ, ਸਭ ਨੂੰ ਇਹ ਮਾਲੂਮ ਹੈ।
ਤਾਹੀਂਓਂ ਤਾਂ ਕੋਈ ਸਾਥੀ ਵੀ ਨਜ਼ਦੀਕ ਨਾ ਢੁੱਕਾ॥

ਬੇਸ਼ੱਕ ਤੰਗੀਆਂ-ਤੁਰਸ਼ੀਆਂ ਨੇ ਘੇਰਾ ਪਾਇਆ।
ਗ਼ਜ਼ਲ ਤਾਂ ਫਿਰ ਵੀ ਲਿਖ ਲੈਨੇਂ ਆਂ ਇੱਕਾ-ਦੁੱਕਾ॥

ਪੈਰਾਂ ਹੇਠ ਕਿਸੇ ਦੇ ਆ ਕੇ ਰਗੜ ਜੋ ਹੋਇਆ।
ਸੁਣ ‘ਕੁਲਤਾਰ’ ਕੀ ਆਖ ਰਿਹਾ ਉਹ ਪੱਤਾ ਸੁੱਕਾ॥

# ਦਿਲਗ਼ੀਰ

ਨਾ ਤਾਂ ਕੋਈ ਯੋਧਾ ਮੈਂ, ਨਾ ਹੀ ਕੋਈ ਫ਼ਕੀਰ।
ਸੀਨੇ ਲੱਗ ਕੇ ਤੀਰ ਵੀ ਹੋ ਜਾਂਦੇ ਨੇ ਦਿਲਗ਼ੀਰ॥

ਸ਼ਾਇਦ ਮੇਰੇ ਚਿਹਰੇ ਉੱਤੇ ਉੱਕਰਿਆ ਏ ਤੀਰ।
ਅੱਖਾਂ ਦੇ ਵਿੱਚ ਅੱਖਾਂ ਨਾ ਪਾ ਸਕਦੇ ਤੇਰੇ ਵੀਰ॥

ਕੈਸੀ ਮੇਰੀ ਰੂਹ ਹੈ ਇਹ ਕੈਸਾ ਇਹ ਸਰੀਰ।
ਧਰਿਆ ਪੈਰ ਤਾਂ ਹੋਰ ਵੀ ਉਜਵਲ ਹੋ ਗਏ ਨੀਰ॥

ਕੰਢੇ ਸਤਲੁਜ ਬੈਠਿਆ ਜਿਸ ਦਿਨ ਮੇਰੇ ਨਾਲ਼।
'ਵਾ ਦੇ ਵਿੱਚ ਸੰਗੀਤ ਸੀ, ਪਾਣੀ ਦੇ ਵਿੱਚ ਸ਼ੀਰ॥

ਅਕਸ ਵੇਖ ਕੇ ਮੇਰਿਆਂ ਨੈਣਾਂ 'ਚੋਂ ਹੀ ਸ਼ਾਇਦ।
ਉੱਕਰ ਦਿੱਤੀ ਬੱਦਲ਼ਾਂ, ਯਾਰਾਂ ਦੀ ਤਸਵੀਰ॥

ਆਈ ਵਾਰੀ ਫ਼ਰਜ਼ ਦੀ ਤਾਂ ਖੁੰਢਾ ਹੋਇਆ ਆਰਾ।
ਜਿਸਨੇ ਦਿੱਤਾ ਸੌਖ ਨਾ' ਅਰਮਾਨਾਂ ਨੂੰ ਚੀਰ॥

ਲੋਕੀਂ ਸਭ 'ਕੁਲਤਾਰ' ਨੂੰ ਕਹਿੰਦੇ ਨੇ 'ਸਰਦਾਰ'।
ਉਂਝ ਬਥੇਰੇ ਹੋਣਗੇ ਆਪਣੇ ਘਰੀਂ ਅਮੀਰ॥

ਨੈਣ ਛੁਪਾ ਕੇ ਓਸ ਤੋਂ ਮੈਂ ਸੀ ਵਿਛੜ ਆਇਆ।
ਹੰਝੂਆਂ ਨੇ ਚਿਹਰੇ 'ਤੇ ਲਿਖ 'ਤੀ ਇਸ਼ਕੇ ਦੀ ਤਹਿਰੀਰ॥

## ਸ਼ੇਰ-ਫ਼ੱਕਰ

ਫ਼ੱਕਰਾਂ ਵਾਂਗੂੰ ਰਹਿ ਕੇ ਤਾਰ ਜੋੜ ਲਈਦੀ ਉੱਤੇ ਨੂੰ।
ਪਰ ਨਾ ਕਰਿਓ ਤੰਗ ਸ਼ੇਰ ਨੂੰ, ਛੇੜੀਦਾ ਨਹੀਂ ਸੁੱਤੇ ਨੂੰ॥

ਭਾਸ਼ਾ, ਰੰਗਾਂ, ਨਸਲਾਂ ਦੇ ਵਿੱਚ ਲੀਕਾਂ ਖਿੱਚੀ ਜਾਂਦੇ ਕਿਉਂ।
ਧਰਮਾਂ ਦੇ ਵਿੱਚ ਵੰਡਦੇ ਨੇ ਜੋ ਦੇਖਣ ਮੇਰੇ ਜੁੱਤੇ ਨੂੰ॥

'ਸੱਭੇ ਸਾਂਝੀਵਾਲ ਸਦਾਇਣ', ਹਰ ਵਿੱਚ ਉਸਦਾ ਨੂਰ ਉਪਾਇਆ।
ਮਜ਼੍ਹਬੀ ਜ਼ਹਿਰ ਖਿਲਾਰੇ ਜੋ, ਮੈਂ ਕੀ ਜਾਣਾ ਕੁੱਤੇ ਨੂੰ॥

ਮੇਲ਼ ਕਲਮ ਤੇ ਕਾਗ਼ਜ਼ ਦੇ ਤੋਂ ਸ਼ਬਦ ਦੀ ਸ਼ਕਤੀ ਬਣਦੀ ਏ।
ਖੜ੍ਹਾ ਉਠਾਲ਼ ਕੇ ਕਰ ਦੇਂਦੀ ਏ ਇਹ ਤਾਂ ਨੀਂਦ-ਵਿਗੁੱਤੇ ਨੂੰ॥

ਵੇਲਾ ਆਊ, ਮੰਨਣਗੇ ਸਭ, ਤੂੰ ਠੋਕ ਕੇ ਬੋਲੇਂਗਾ।
ਪਰ ਹਾਲੇ 'ਕੁਲਤਾਰ' ਤੂੰ ਇੰਝ ਹੀ ਸਾਰੀ ਜਾਹ ਵੇ ਬੁੱਤੇ ਨੂੰ॥

# ਫ਼ਰਿਆਦਾਂ

ਹੋਠਾਂ ਉੱਤੇ ਸੱਜਣਾਂ ਦੇ ਲਈ, ਰਹਿਣ ਸਦਾ ਫਰਿਆਦਾਂ।
ਸੁੱਤਿਆਂ ਹੋਇਆਂ ਸੁਫ਼ਨੇ ਆਵਣ, ਜਾਗਦਿਆਂ ਨੂੰ ਯਾਦਾਂ॥

ਪੀਰ ਪੰਜਾਂ ਦਾ ਰਹੇ ਥਾਪੜਾ, ਟੱਕਰੇ ਨਾ ਕੋਈ ਕੈਦੋਂ।
ਬਣਿਆ ਰਹੇ ਸਵਾਦ ਚੂਰੀ ਦਾ, ਜੀਈਏ ਨਾਲ਼ ਸਵਾਦਾਂ॥

ਵਿੱਚ ਖ਼ਿਆਲਾਂ ਵਕਤ ਲੰਘਾਈਏ, ਮੋਹ ਦੀ ਜੋਤ ਜਗਾ ਕੇ।
ਮਨ ਨਾ ਜਾਵਣ ਦੇਈਏ ਵੱਲੇ ਅਵਗੁਣਾਂ ਤੇ ਅਪਰਾਧਾਂ॥

ਮੋਹ ਵਿੱਚ ਮੋਇਆਂ ਹੋਇਆਂ ਨੂੰ ਇਹ ਜਗਤ ਹੋਰ ਹੀ ਲੱਗੇ।
ਲੱਗਣ ਕਬਰਾਂ ਹੁਣ ਸੰਵਰੀਆਂ, ਸਜੀਆਂ ਦਿਸਣ ਸਮਾਧਾਂ॥

ਪੱਥਰ-ਦਿਲ ਦੀ ਪੂਜਾ ਕਰਨੀ ਮੋਮ ਦਾ ਬੁੱਤ ਬਣਾ ਕੇ।
ਇੱਕ ਦਿਨ ਇੱਕਮਿਕਤਾ ਹੋ ਜਾਣੀ ਮਨ ਵਿੱਚ ਹਨ ਮੁਰਾਦਾਂ॥

ਬਣ ਜਾਈਏ ਗੁੜ ਸੱਜਣਾਂ ਖ਼ਾਤਿਰ, ਹੈ 'ਕੁਲਤਾਰ' ਤਮੰਨਾ।
ਪਿੜ ਜਾਈਏ ਹਿਜ਼ਰਾਂ ਦੇ ਵੇਲਣ ਚਾਹੇ ਵਾਂਗ ਕਮਾਦਾਂ॥

## ਫ਼ਰਕ

ਹੌਲ਼ੀ - ਹੌਲ਼ੀ ਦੂਰ ਦੂਰ ਉਹ ਸਰਕ ਰਹੇ ਨੇ।
ਪਤਾ ਕਰੋ ਇਹ ਕਿਸ ਕਾਰਣ ਪੈ ਫ਼ਰਕ ਰਹੇ ਨੇ॥

ਠੋਡੀ ਵਾਲ਼ੇ ਤਿਲ ਨੂੰ ਫੜ ਕੇ ਬੈਠੇ ਰਹੇ।
ਹੌਲ਼ੀ-ਹੌਲ਼ੀ ਨੈਣਾਂ ਦੇ ਵਿੱਚ ਗ਼ਰਕ ਰਹੇ ਨੇ॥

ਇਸ਼ਕ-ਬੈਕੁੰਠ ਜਿਨ੍ਹਾਂ ਦੇ ਹਿੱਸੇ ਨਹੀਂ ਆਇਆ।
ਉਹ ਤਾਂ ਭੋਗ ਜਿਵੇਂ ਕਿ ਏਥੇ ਨਰਕ ਰਹੇ ਨੇ॥

ਹੁਣ ਤਾਂ ਸੱਜਣ ਕੋਈ ਸੁਨੇਹਾ ਭੇਜਣਗੇ।
ਤਾ-ਉਮਰ ਇਹ ਸਾਨੂੰ ਲੱਗੇ ਠਰਕ ਰਹੇ ਨੇ॥

'ਕੁਲਤਾਰ' ਇਸ਼ਕ ਤਾਂ ਪੰਡ ਨਿਰੀ ਹੈ ਹਿਜ਼ਰਾਂ ਦੀ।
ਸਾਨੂੰ ਸਾਡੇ ਸੱਜਣ ਵੀ ਦੇ ਤਰਕ ਰਹੇ ਨੇ॥

# ਗ਼ਾਇਬ

ਦਿਲ ਨੂੰ ਠੱਗਣ ਵਾਲ਼ਾ ਤਾਂ ਸੀ ਸੱਚੀਂ ਦਾ ਹੀ ਠੱਗ ਜੀ।
ਠੱਗ ਕੇ ਸਾਨੂੰ ਗ਼ਾਇਬ ਹੋ ਗਿਆ ਵਿੱਚ ਗੈਰਾਂ ਦੇ ਵੱਗ ਜੀ॥

ਰਿਮ-ਝਿਮ ਵਰਸ਼ਾ ਬਰਸ ਪਵੇ ਜੇ ਸਾਵਨ ਘਾਤਕ ਹੋ ਜਾਂਦਾ।
ਏਦਾਂ ਹੋਰ ਜਲਾਵੇ ਬਿਰਹਣ ਨੂੰ ਹਿਜ਼ਰਾਂ ਦੀ ਅੱਗ ਜੀ॥

ਦੂਰ ਵੀ ਨਹੀਂ ਹਾਂ ਉਸ ਤੋਂ ਲੇਕਿਨ ਬੜਾ ਛੁਪਾ ਕੇ ਰੱਖਿਆ।
ਪੁੱਠਾ ਕਰਕੇ ਰੱਖਦੇ ਹਾਂ ਆਪਾਂ ਮੁੰਦਰੀ ਦਾ ਨਗ਼ ਜੀ॥

ਲਗਨ ਆਪਣੀ ਕੱਢ ਨਾ ਸਕਿਆ 'ਬਲਮ' ਅਸਾਡੇ ਵਿੱਚੋਂ।
ਤਾਰ-ਤਾਰ ਕਰ ਦਿੱਤੀ ਚਾਹੇ ਸਾਡੀ ਉਸ ਰਗ਼-ਰਗ਼ ਜੀ॥

ਇਸ਼ਕ ਦੇ ਟੋਟਿਆਂ ਤੋਂ 'ਬਜਰਾਵਰ' ਮੈਂ ਨ੍ਹੀ ਜਾਣਾ ਬਾਹਰ।
ਮੈਂ ਤਾਂ ਡਿਗਣਾ, ਕਾਹਤੋਂ ਰੱਖਾਂ ਸਾਂਭ-ਸਾਂਭ ਕੇ ਪਗ ਜੀ॥

ਪ੍ਰੇਮ ਅਸਾਡੇ ਸੰਗ ਉਸਨੇ ਥੋੜਾ ਚਿਰ ਮਨ ਵਰਚਾਇਆ।
ਜਿੰਨਾ ਚਿਰ ਰਹਿੰਦੀ ਤਕਰੀਬਨ ਦੁੱਧਾਂ ਉੱਤੇ ਝੱਗ ਜੀ॥

ਹੱਸ ਕੇ ਸਾਡੇ 'ਤੇ 'ਕੁਲਤਾਰ' ਇਹ ਜੋ ਸਖ਼ਸ਼ ਗਿਆ ਏ।
ਅੰਦਰ ਜਾ ਕੇ ਰੋਵੇਗਾ ਹੁਣ ਕੰਧਾਂ ਦੇ ਗਲ਼ ਲੱਗ ਜੀ॥

# ਗ਼ਹਿਰਾਈ

ਕਹਿੰਦਾ ਸੀ ਤੂੰ ਪ੍ਰੇਮ ਦੇ ਤਾਂ ਅੱਖ਼ਰ ਨੇ ਢਾਈ।
ਪਰ ਢਾਈ ਵਰ੍ਹੇ ਤੈਨੂੰ ਸਮਝ ਨਾ ਆਈ॥

ਤੇਰਾ ਦਿੱਤਾ ਹੀਰਾ ਅਸੀਂ ਚੱਟ ਕੇ ਮੁਕਾਇਆ।
ਮੌਤ ਵੀ ਨਾ ਆਈ ਤੇ ਨਿਸ਼ਾਨੀ ਵੀ ਗਵਾਈ॥

ਖ਼ਾਧੀਆਂ ਫ਼ਕੀਰਾਂ ਕੋਲ਼ੋਂ ਲੈ ਕੇ ਬਹੁਤ ਪੁੜੀਆਂ।
ਪਰ ਗ਼ਮ ਤੇਰਾ ਵਿੱਚੋਂ-ਵਿੱਚ ਜਾਵੇ ਖਾਈ॥

ਓਹਦੇ ਵਿੱਚ ਨਾਮ ਥੋੜਾ ਆਉਂਦਾ ਸੀ ਜੀ ਮਾਲਕੋ।
ਗ਼ਜ਼ਲ ਅਸਾਥੋਂ ਜਿਹੜੀ ਗਈ ਨਾ ਸੁਣਾਈ॥

ਹੰਝੂਆਂ ਦੇ ਹੜ੍ਹ ਵਿੱਚ ਹੜ੍ਹ ਚੱਲੇ ਹਾਰ ਕੇ।
ਹਾੜ੍ਹਾ ਹਰ ਹੀਲੇ ਹੁਣ ਕਰ ਸੁਣਵਾਈ॥

ਗ਼ਰਕ ਹੀ ਹੋ ਗਏ ਮੀਨਾਰ ਸਾਡੇ ਸ਼ਬਦਾਂ ਦੇ।
ਤੌਬਾ ਥੋੜੀ ਚੁੱਪ ਵਿੱਚ ਬੜੀ ਗਹਿਰਾਈ॥

ਇੱਛਾ ਸਭ ਪੂਰੀਆਂ ਕਰਾਊ 'ਕੁਲਤਾਰ'।
ਬੜੀ ਸਾਥੋਂ ਸੱਜਣਾਂ ਤਪੱਸਿਆ ਕਰਾਈ॥

# ਗੇੜੇ

ਸਾਨੂੰ ਤਾਂ ਹੁਣ ਸਾਰੇ ਪਾਸੇ ਦਰ ਦਿਸਦੇ ਨੇ ਭੇੜੇ।
ਸੁੰਨੀਆਂ-ਸੁੰਨੀਆਂ ਗਲ਼ੀਆਂ ਜਾਪਣ ਰੌਣਕ ਕਿਸੇ ਨਾ ਵਿਹੜੇ॥

ਰੱਬ ਨੇ ਗ਼ਮ ਸਾਰੇ ਹੀ ਚੁੱਕ ਕੇ ਤਖ਼ਤ ਹਜ਼ਾਰੇ ਲਾਹੇ।
ਸੁੱਖੀਂ ਵਸਣ ਸਿਆਲਾਂ ਵਾਲ਼ੇ, ਸੁੱਖੀਂ ਵਸਣ ਖੇੜੇ॥

ਪੰਜ-ਸੱਤ ਦਿਨ ਦੀ ਗੱਲ ਜੇ ਹੁੰਦੀ ਕੋਈ ਵਕਤ ਕਟਾਉਂਦਾ।
ਅੰਤ ਸਮੇਂ ਤੱਕ ਚਿੰਬੜੇ ਰਹਿਣੇ ਦੁੱਖੜੇ ਕੌਣ ਨਿਬੇੜੇ॥

ਹਾਇ ਇਹ ਸਿੱਧੇ ਬੰਦਿਆਂ ਨੂੰ ਪੁੱਠਾ ਹੈ ਲਟਕਾਉਂਦਾ।
ਸਭ ਤੋਂ ਗੁੰਝਲਦਾਰ, ਪੇਚੀਦੇ ਏਸ ਇਸ਼ਕ ਦੇ ਝੇੜੇ॥

ਹੈ ਕੋਈ ਇਸ ਨੂੰ ਨਜ਼ਰੀਂ ਆਉਂਦਾ? ਸਿੱਕ ਗ਼ਜ਼ਬ ਦੀ ਲੱਗੀ।
ਅੱਖਾਂ; ਕੰਢੇ ਖੜ੍ਹੇ ਸੱਜਣ 'ਤੇ, ਵਿੱਚ ਭੰਵਰ ਦੇ ਬੇੜੇ॥

ਚੈਨ-ਸਬਰ ਤਾਂ ਇਸ਼ਕੇ ਦੇ ਵਿੱਚ ਲੱਭਿਆ ਵੀ ਨਹੀਂ ਲੱਭਦੇ।
ਜਿੰਨੇ ਮਾਰੇ ਗੇੜੇ ਜੀ ਸਗੋਂ ਓਨੇ ਵਧ ਗਏ ਗੇੜੇ॥

ਇੱਕ-ਦੂਜੇ ਦੀ ਖ਼ਾਤਿਰ ਮਰਨ ਦਾ ਵਕਤ ਆਪ ਹੀ ਦੱਸੂ।
ਅਸੀਂ ਕਿਹਨਾਂ ਦੇ ਸੱਜਣ ਹਾਂ ਤੇ ਸਾਡੇ ਸੱਜਣ ਕਿਹੜੇ॥

ਸਾਡੇ ਯਾਰਾਂ ਸਾਡੀ ਪਿੱਠ 'ਤੇ ਛੁਰੀਆਂ ਬਹੁਤ ਚਲਾਈਆਂ।
ਨੀਵੀਂ ਪਾ ਕੇ ਬੈਠੇ ਨੇ ਉਹ, ਗਏ ਪਛਾਣੇ ਜਿਹੜੇ॥

ਓਹਨਾਂ ਸੰਗ 'ਕੁਲਤਾਰ' ਵੇ ਤੇਰਾ ਢੋਅ-ਮੇਲ਼ ਵੀ ਕਾਹਦਾ।
ਦੇਣ ਦਰਦ ਜੋ ਦੋਜ਼ਖ਼ ਵਰਗੇ ਦੁੱਖ ਤਾਂ ਆਪ ਸਹੇੜੇ॥

ਸੁੰਨ-ਸਮਾਧੀ ਅੰਦਰ ਮੈਂ ਤਾਂ ਵਿੱਚ ਖ਼ਿਲਾਅ ਦੇ ਉੱਡਿਆ।
ਨੂਰੀ ਰੰਗ ਬਿਖੇਰੇ 'ਉਸਨੇ', ਰਾਗ ਇਲਾਹੀ ਛੇੜੇ॥

ਮਿਲਦਾ ਤਾਂ ਉਹ ਪ੍ਰੀਤਮ ਹੋਣੈ ਸਾਹ ਮੁੱਕਣ 'ਤੇ ਖ਼ੌਰੇ।
ਕਹਿੰਦੇ ਤਾਂ ਨੇ ਰਹਿੰਦਾ ਹੈ 'ਉਹ' ਸਾਹ ਰਗ ਤੋਂ ਵੀ ਨੇੜੇ॥

# ਹੱਲ

ਭੇਜ ਨਾ ਐਵੇਂ ਬੱਦਲ਼ੀਆਂ ਤੂੰ 'ਹੱਲ' ਵਾਂਗੂੰ।
ਸਾਡੀ ਪਿਆਸ ਦਾ ਨਹੀਂ ਟਿਕਾਣਾ ਥਲ ਵਾਂਗੂੰ॥

ਪਰਸੋਂ ਵਾਂਗਰ ਫੇਰ ਤੂੰ ਵਾਅਦਾ ਕਰ ਲਿਆ ਏ।
ਨਹੀਂ ਆਉਣਾ ਤੂੰ ਪਤਾ ਹੈ ਮੈਨੂੰ ਕੱਲ੍ਹ ਵਾਂਗੂੰ॥

ਅੱਗ ਦੀ ਖੇਡ ਤੂੰ ਨਾਲ਼ ਕਿਸੇ ਵੀ ਖੇਡੀ ਜਾਹ।
ਰੂਹ ਸਾਡੀ ਵਿਚ ਵਸ ਗਿਆਂ ਏਂ ਤੂੰ ਜਲ ਵਾਂਗੂੰ॥

ਸੂਰਜ ਵਾਂਗ ਅਡੋਲ ਖੜ੍ਹਾ ਹੈ ਪਿਆਰ ਮੇਰਾ।
ਪਰ ਤੂੰ ਵਟਦਾ ਰਹਿੰਨੈਂ ਝੂਠੀ ਗੱਲ ਵਾਂਗੂੰ॥

ਹਿਜ਼ਰਾਂ ਦੇ ਪਲ ਸਦੀਆਂ ਵਾਂਗਰ ਲੰਘਦੇ ਨੇ।
ਤੇ ਵਸਲਾਂ ਦੇ ਪਹਿਰ ਤਾਂ ਬੀਤਣ ਪਲ ਵਾਂਗੂੰ॥

ਰੂਹ ਨੂੰ ਬਿਰਹਾ ਚਿੰਬੜਿਆ 'ਕੁਲਤਾਰ' ਇਵੇਂ।
ਜਿਸਮਾਂ ਉੱਤੇ ਹੁੰਦੀ ਜੀਕਣ ਖੱਲ ਵਾਂਗੂੰ॥

ਚੁੱਪ ਦੇ ਬੋਲ ਵੀ ਐਸੇ ਮਨ ਵਿੱਚ ਟਿਕ ਜਾਂਦੇ।
ਰਹਿਣ ਰੜਕਦੇ ਉਮਰ ਜੋ ਸਾਰੀ ਸੱਲ ਵਾਂਗੂੰ॥

# ਹਰਫ਼

ਤੇਰੇ ਦਰਵਾਜ਼ੇ ਤੋਂ ਮੁੜ ਕੇ ਖ਼ਤ ਚਾਹੇ ਆ ਜਾਂਦਾ ਏ।
ਫਿਰ ਵੀ ਸਾਰੀ ਅੰਦਰ ਵਾਲ਼ੀ ਗੱਲ ਸੁਣਾ ਜਾਂਦਾ ਏ॥

ਬਹੁਤ ਤੇਜ਼ ਕਈ ਵਾਰੀ 'ਵਾ ਦਾ ਬੁਲ੍ਹਾ ਲੰਘ ਜਾਂਦਾ ਏ।
ਈਕਣ ਹੀ ਉਹ ਕੋਈ ਰਮਜ਼ ਦੀ ਗੱਲ ਸਮਝਾ ਜਾਂਦਾ ਏ॥

ਸਾਨੂੰ ਸੱਚੀ ਲਲਕ ਹੈ ਓਹਦੀ, ਓਹਦੀ ਥ਼ੌਰੇ ਮਸਤੀ।
ਬੱਸ ਇੱਕ ਲਾਰਾ ਲਾ ਕੇ ਸਾਨੂੰ ਤਾਂ ਲਟਕਾ ਜਾਂਦਾ ਏ॥

ਅਸੀਂ ਓਹਦੀਆਂ ਲੱਖਾਂ ਸਿਫ਼ਤਾਂ ਕਰਦੇ ਨਹੀਂ ਹਾਂ ਥੱਕਦੇ।
ਇੱਕੋ ਗੱਲ ਉਹ ਕਹਿ ਕੇ ਸਾਨੂੰ ਕੱਖ ਬਣਾ ਜਾਂਦਾ ਏ॥

ਓਹਦੇ ਪਿਆਰ 'ਚ ਨਿੱਕੀ ਦਿਲੜੀ ਦੂਣੀ-ਚੂਣੀ ਹੋਈ।
ਉਹਦਾ ਦਰਦ ਪਹਾੜਾਂ ਵਰਗਾ ਦਿਲ ਦਹਿਲਾ ਜਾਂਦਾ ਏ॥

ਉਹ ਸ਼ਬਦਾਂ ਦਾ ਪਿਆਸਾ ਹੈ ਕਿ ਉਹ ਸ਼ਬਦਾਂ ਦਾ ਜਾਦੂਗਰ।
ਬਹੁਤ ਹੀ ਰੋਕੀ ਗੱਲ ਨੂੰ ਵੀ 'ਕੁਲਤਾਰ' ਕਹਾ ਜਾਂਦਾ ਏ॥

ਬਹੁਤ ਤਰਜ਼ਮੇ ਹਰਫ਼ਾਂ ਦੇ ਓਹਦੇ ਅਸਾਂ ਬਣਾਏ ਨੇ।
ਹਰ ਵਾਰੀ ਉਹ ਪਹਿਲਾਂ ਵਾਲ਼ੇ ਅਰਥ ਮਿਟਾ ਜਾਂਦਾ ਏ॥

# ਹਯਾਤੀ

ਭਰੀ ਹਯਾਤੀ ਤੇਰੀ, ਏਨੇ ਰੰਗ, ਏਨੀ ਖ਼ੁਸ਼ਬੋਈ।
ਮੇਰੇ ਮਨਫ਼ੀ ਹੋਣ 'ਤੇ ਤੈਨੂੰ ਫ਼ਰਕ ਨਾ ਪੈਣਾ ਕੋਈ॥

ਚੀਕਾਂ ਤੇ ਤਕਲੀਫ਼ਾਂ ਭਰਿਆ ਕੀ ਸੁਣਾਵਾਂ ਕਿੱਸਾ।
ਸਾਡੇ ਨਾਲ਼, ਵਿੱਚ ਇਸ਼ਕ ਦੇ ਸਭ ਤੋਂ ਮਾੜੀ ਹੋਈ॥

ਕਾਮਯਾਬੀ ਓਹਦੀ ਦਾ ਪਹੀਆ ਗਲ਼ੀ ਸਾਡੀਓਂ ਲੰਘਾ।
ਉਹਦੇ ਥੱਲੇ ਆ ਕੇ ਸਾਡੀ ਇੱਕ ਤਮੰਨਾ ਮੋਈ॥

ਚੇਤਿਆਂ ਵਿੱਚ ਮੈਂ ਆਵਾਂ ਤਾਂ ਐਂਵੇ ਔਖਾ ਨਾ ਹੋਈਂ।
ਜਾਣ ਬੁਝ ਕੇ ਧਿਆਨ ਬਦਲ ਲਈਂ ਇਹ ਵੀ ਹੈ ਅਰਜ਼ੋਈ॥

ਏਨੀ ਉਜਵਲ ਕਦੇ ਨਾ ਹੋਈ ਕਿ ਤੈਨੂੰ ਜਚ ਜਾਵੇ।
ਰੂਹ ਬਥੇਰੀ 'ਬਜਰਾਵਰ' ਨੇ ਅੱਥਰੂਆਂ ਸੰਗ ਧੋਈ॥

## ਇੱਛਾ

ਮਨ ਦੀ ਇੱਛਾ ਕਈ ਵਾਰੀ ਮੂੰਹ-ਜ਼ੋਰ ਹੋ ਜਾਂਦੀ ਏ।
ਗੱਲ ਕਰਨੀ ਹੁੰਦੀ ਹੋਰ, ਪਰ ਕੋਈ ਹੋਰ ਹੋ ਜਾਂਦੀ ਏ॥

ਸਖ਼ਤ ਜਿਹੇ ਹਾਲਾਤ ਵਾਹਲ਼ੇ ਤਦ ਹੋ ਜਾਂਦੇ ਨੇ ਜਦ।
ਬਹੁਤ ਦਿਲ ਦੀ ਸਖ਼ਤ ਕੁੜੀ ਦਿਲ-ਚੋਰ ਹੋ ਜਾਂਦੀ ਏ॥

ਝਾਂਜਰ ਓਹਦੀ ਨਾਲ਼ੋਂ ਟੁੱਟੀ ਜਦ ਕਿੱਧਰੇ ਮਿਲ਼ ਜਾਵੇ।
ਤਾਂ ਦਿਲ ਦੀ ਇੱਕ ਸੱਧਰ ਹੀ ਉਹ ਬੋਰ ਹੋ ਜਾਂਦੀ ਏ॥

ਦਿਲ ਦੀ ਖ਼ਾਹਿਸ਼ ਜੇ ਕਰ ਕੋਈ ਵੱਸੋਂ ਬਾਹਰ ਹੋ ਜਾਵੇ।
ਫਿਰ 'ਕੁਲਤਾਰ' ਸੱਜਣ ਦੇ ਵੱਲ ਤੋਰ ਹੋ ਜਾਂਦੀ ਏ॥

ਮਰਦੀ ਜਾਂਦੀ ਇੱਛਾ ਜੇਕਰ ਹੋ ਜਾਵੇ ਪ੍ਰਵਾਨ ਕਦੇ।
ਮਨ ਦੀ ਮਾੜੀ ਹਾਲਤ, ਮਨ ਦੀ ਲੋਰ ਹੋ ਜਾਂਦੀ ਏ॥

# ਇਕਲਾਪਾ

ਰੂਹ ਤੋਂ ਰੰਗ ਨਾ ਉੱਤਰੇ ਜੀ, ਓਹਦੀ ਰੂਹ ਦਿਆਂ ਛਾਪਿਆਂ ਦਾ।
ਅਸਲਾਂ ਨਾਲ਼ੋਂ ਅਸਰ ਵਧੇਰੇ ਖ਼ਿਆਲਾਂ ਦੇ ਵਿੱਚ ਜਾਪਿਆਂ ਦਾ॥

ਸੌ-ਸੌ ਰੰਗ ਉਸ ਚਿਹਰੇ ਤੋਂ 'ਕੁਲਤਾਰ' ਇਕੱਠੇ ਕਰਦਾ ਏ।
ਬਹਿ ਕੇ ਫੇਰ ਮੁਲਾਂਕਣ ਕਰਦਾ ਹਾਵਾਂ-ਭਾਵਾਂ ਨਾਪਿਆਂ ਦਾ॥

ਓਹਦੇ ਪਿਆਰਾਂ ਦਾ ਸਾਨੂੰ ਵਰਦਾਨ ਜਿਹਾ ਤਾਂ ਮਿਲ਼ਿਆ ਏ।
ਲੇਕਿਨ ਕੁਝ ਹੋ ਸਕਣਾ ਨਹੀਂ ਸਾਡੇ ਜਿਹੇ ਸਰਾਪਿਆਂ ਦਾ॥

ਸਾਥੋਂ ਕਰਜ਼ਾ ਲਾਹ ਨਹੀਂ ਹੋਣਾ ਪਿਆਰ ਕਰਦੀਆਂ ਰੂਹਾਂ ਦਾ।
ਨਾ ਵਤਨਾਂ ਦੀ ਮਿੱਟੀ ਦਾ, 'ਬਜਰਾਵਰ' ਨਾ ਹੀ ਮਾਪਿਆਂ ਦਾ॥

ਤੂੰ ਵੀ ਸੱਜਣਾਂ ਕੋਸ਼ਿਸ਼ ਛੱਡ ਦੇ, ਪਿਆਰ ਲੁਟਾ ਨਾ ਸਾਡੇ 'ਤੇ।
ਵਿੱਚ ਬਹਾਰਾਂ,  ਓਹੀਓ ਰਹਿੰਦਾ, ਮਾਰੂਥਲ ਇਕਲਾਪਿਆਂ ਦਾ॥

## ਇਲਜ਼ਾਮ

ਸਭਨਾਂ ਤਮਾਸ਼ਾ ਚੌਂਕ ਵਿੱਚ ਤੱਕਿਆ ਨਿਹੱਥੇ ਦਾ।
ਮੂੰਹ ਕੋਈ ਦੇਖਣ ਨਾ ਆਇਆ ਸੂਲ਼ੀਓਂ ਲੱਥੇ ਦਾ॥

ਨਾਲ਼ ਤੁਹਾਡੇ ਜੁੜ ਕੇ ਸ਼ਾਇਦ ਅਸੀਂ ਵੀ ਗ਼ੌਲ਼ੇ ਜਾਈਏ।
ਕੋਈ ਮੁੱਲ ਤਾਂ ਪਊ ਕਾਗ਼ਜ਼ ਨਾਲ਼ ਨੱਥੇ ਦਾ॥

ਮੁਸਕਰਾਹਟਾਂ-ਹੰਝੂਆਂ, ਦੋਹਾਂ ਨੂੰ ਅੰਦਰ ਰੋਕ ਕੇ।
ਕਰਨਾ ਫਿਰ ਇਤਬਾਰ ਹੈ ਉਸ ਲਾਰਿਆਂ-ਹੱਥੇ ਦਾ॥

ਤਾਂ ਹੀ ਤਾਂ ਹੈ ਭਟਕਣਾਂ, ਇਹ ਟੱਕਰਾਂ ਤੇ ਠੋਕਰਾਂ।
ਹੋਰ ਹਾਲ ਕੀ ਹੋਊ ਸਾਡੇ ਜਿਹੇ 'ਸਿਰ-ਲੱਥੇ' ਦਾ॥

ਸਭ ਦਾਗ਼ ਇਲਜ਼ਾਮਾਂ ਦੇ ਵੀ ਧੋ ਦਿੱਤੇ 'ਕੁਲਤਾਰ' ਨੇ।
ਪਰ ਉਸ ਤੋਂ ਨਾ ਗਿਆ ਹਟਾਇਆ ਚੁੰਮਣ ਮੱਥੇ ਦਾ॥

ਕਰ ਲਵੋ ਜੀ ਫ਼ੈਸਲਾ ਅੱਜ ਕਿਸਦੀ ਹੈ ਵਾਰੀ।
ਪਿੰਡ ਵੱਲ ਅਉਣਾ ਹੋ ਰਿਹਾ ਬਾਘਾਂ ਦੇ ਜੱਥੇ ਦਾ॥

# ਇਤਫ਼ਾਕਨ

ਟੁੱਟਦੀ-ਭੱਜਦੀ ਮਿਟ ਗਈ ਸੀ ਹਾਰੀ-ਹੰਭੀ।
ਗੂੜ੍ਹੀ ਬਹੁ ਸੀ, ਸਾਂਝ ਨਹੀਂ ਸੀ ਬੇਸ਼ੱਕ ਲੰਬੀ॥

ਇੱਕ ਦਿਨ ਇਤਫ਼ਾਕਨ ਹੱਥ ਮਿਰੇ 'ਤੇ ਆਣ ਟਿਕੀ ਸੀ।
'ਵਾਵਾਂ ਸੰਗ ਫਿਰ ਉਡ਼ ਗਈ ਉਹ ਬਣਕੇ ਫੰਭੀ॥

ਥੋੜ੍ਹੇ ਚਿਰ ਦੀ ਖੇਡ ਬਚਿੱਤਰ ਸਮਝ ਨਾ ਆਈ।
ਉਹ ਹੀ ਕੋਈ ਛਲਾਵਾ ਸੀ ਜਾਂ ਮੈਂ ਹੀ ਦੰਭੀ॥

ਮੇਰੇ ਕੋਲ਼ੋਂ ਕੰਬਦਾ ਉਸਨੇ ਹੱਥ ਛੁਡਾਇਆ।
ਮੂਕ ਜਿਹੀ ਇੱਕ ਦੂਆ ਮਿਰੇ ਹੋਠਾਂ 'ਤੇ ਕੰਬੀ॥

ਲੈ ਗਈ ਸੰਗ ਬਹਾਰਾਂ ਵੀ 'ਬਜਰਾਵਰ' ਤੋਂ।
ਓਦੋਂ ਤੋਂ ਬੇ-ਫਲ਼ ਖੜ੍ਹੀ ਵਿਹੜੇ ਦੀ ਅੰਬੀ॥

# ਇਤਿਹਾਸ

ਸੱਜਰੀਆਂ ਉਮੀਦਾਂ ਲੈ ਕੇ, ਹਸਰਤ ਬਾਸੀ ਨਾਲ਼ੇ।
ਕਿਹੜੀ ਲੈ ਕੇ ਮਰ ਗਿਆ ਦਿਲ ਵਿੱਚ ਉਦਾਸੀ ਨਾਲ਼ੇ॥

ਆਪਣੀ-ਆਪਣੀ ਹੋਣੀ ਨੂੰ ਹੁਣ 'ਜੀ ਆਇਆਂ ਨੂੰ' ਕਹੀਏ।
ਮੇਰਾ ਵੀ ਤੇ 'ਉਸ' ਦਾ ਵੀ, ਬੇਸ਼ਕ ਮਤਾ ਸੀ ਨਾਲ਼ੇ॥

ਜ਼ਿੰਦਗੀ ਵਿੱਚ ਕੁਝ ਬਹੁਤਾ ਚੰਗਾ ਹੋਇਆ ਤਾਂ ਕਦੀਂ ਨ੍ਹੀ।
ਇਸ ਤਰ੍ਹਾਂ ਹੋ ਜਾਏਗਾ, ਕਿਸਨੂੰ ਪਤਾ ਸੀ ਨਾਲ਼ੇ॥

'ਵਾ ਵਿੱਚ ਬਸ ਇੱਕ ਸਿਸਕੀ ਸੀ, ਕੁਝ ਯਾਦਾਂ ਦਾ ਧੂਆਂ।
ਉਖੜਿਆ ਕਿਤਾਬ 'ਚੋਂ ਜਾਂ ਇੱਕ ਸਫ਼ਾ ਸੀ ਨਾਲ਼ੇ॥

ਜ਼ਿੰਦਗੀ ਦਾ ਇਤਿਹਾਸ ਫ਼ੋਲੀਏ, ਘਾਟਾਂ ਗਿਣੀਏ ਨਾਲ਼ੇ।
ਪਤਾ ਵੀ ਲੱਗੇ ਏਸ ਵਿੱਚ ਕਿਸਦਾ ਨਫ਼ਾ ਸੀ ਨਾਲ਼ੇ॥

ਇਨ੍ਹਾਂ ਮੁਹੱਬਤ ਕਰਨ ਵਾਲ਼ਿਆਂ ਉਸਨੂੰ ਬਹੁਤ ਰੁਆਇਆ।
ਉਂਝ ਤਾਂ 'ਕੁਲਤਾਰ' ਨਾਲ਼ ਕਿਸ ਨੂੰ ਗਿਲਾ ਸੀ ਨਾਲ਼ੇ॥

## ਖ਼ਬਰਾਂ

ਸਾਨੂੰ ਲਾਹਣਤ ਪਾਈ ਏ ਵੇ ਸਾਡਿਆਂ ਸਬਰਾਂ।
ਸਭ ਤੋਂ ਨੇੜਲਿਆ ਵੇ ਲੈਣ ਨਾ ਆਇਆਂ ਖ਼ਬਰਾਂ॥

ਨੈਣਾਂ ਦੇ ਦਰ ਤੇਰੇ ਲਈ ਹੀ ਖੁੱਲ੍ਹੇ ਨੇ।
ਨੀਂਦਰਾਂ ਨੂੰ ਵਾੜਦੇ ਹਾਂ ਫੜ ਕੇ ਜ਼ਬਰਾਂ॥

ਮੁਸ਼ਕਿਲ ਬਹੁਤ ਰਵਾਇਤਾਂ ਇਹ ਸਮਾਜ ਦੀਆਂ।
ਤੇ ਕੁਝ ਮਾਰ ਲਿਆ ਹੈ ਸਾਨੂੰ ਸਾਡੇ ਟੱਬਰਾਂ॥

'ਬਜਰਾਵਰ' ਵਿੱਚ ਐਸੇ ਝੱਖੜ ਝੁੱਲੇ ਨੇ।
'ਵਾ ਦੇ ਨਾਂ ਤੋਂ ਵੀ ਨੇ ਹੁਣ ਤਾਂ ਡਰਦੀਆਂ ਲਗਰਾਂ॥

ਸਾਡੀ ਹੱਡ-ਬੀਤੀ ਸੁਣ ਲਈ ਤੂੰ 'ਕੁਲਤਾਰ ਸਿਆਂ'।
ਚੁੱਪ ਕਰਕੇ ਅਸੀਂ ਬਹਿ ਗਏ ਹਾਂ ਵਿੱਚ ਆ ਕੇ ਕਬਰਾਂ॥

# ਖ਼ਿਆਲ

ਜਿਉਂ ਉੱਠੇ ਸੰਸਾਰ ਜਦ ਖ਼ਿਆਲਾਂ ਨੂੰ ਫੜਦਾ ਹਾਂ।
ਲੋਕੀਂ ਕਹਿਣ ਖ਼ਿਆਲੀ ਐਵੇਂ ਗੱਲਾਂ ਘੜ੍ਹਦਾ ਹਾਂ॥

ਸੁੱਤਿਆਂ-ਜਾਗਦਿਆਂ ਮੋਤੀਆਂ ਵਾਂਗ ਇਕੱਠੇ ਕਰਦਾ।
ਹੰਝੂਆਂ-ਹਾਸਿਆਂ ਨੂੰ ਕਲਪਨਾ ਵਿੱਚ ਮੈਂ ਜੜਦਾ ਹਾਂ॥

ਤੇਰੀਆਂ ਗੱਲਾਂ ਯਾਦ ਕਰਦਿਆਂ ਅੱਖਾਂ ਮੇਰੀਆਂ ਚਮਕਣ।
ਤੇਰੇ ਰਾਹ ਦੀ ਮਿੱਟੀ ਮੈਂ ਮੱਥੇ 'ਤੇ ਮੜ੍ਹਦਾ ਹਾਂ॥

ਪਲਕਾਂ ਦਿਆਂ ਵਰਕਿਆਂ ਨੂੰ ਤਦ ਜ਼ੁਲਫ਼ਾਂ ਆ ਕੇ ਪਲਟਣ।
ਸੋਚਾਂ ਵਿੱਚ; ਤੇਰਿਆਂ ਜਦ ਨੈਣਾਂ ਨੂੰ ਪੜ੍ਹਦਾ ਹਾਂ॥

ਦੁੱਖ ਵੀ ਪਾਉਂਦਾ ਹਾਂ 'ਕੁਲਤਾਰ', ਖ਼ੁਸ਼ ਵੀ ਮੈਂ ਹੁੰਦਾ ਹਾਂ।
ਪਿਆਰ ਦੀ ਤਿਲਕਣਬਾਜ਼ੀ ਵਿੱਚ ਤਿਲਕਦਾ-ਖੜ੍ਹਦਾ ਹਾਂ॥

## ਖ਼ੁਮਾਰੀ

ਇਸ਼ਕ ਤੇਰੇ ਨੇ ਸੱਜਣਾ ਕੈਸੀ ਰੂਹ ਮੇਰੀ ਹੈ ਡੰਗੀ।
ਬਹੁਤਾ ਰੌਲ਼ਾ ਪਾਵੇ ਬਹੁਤੀ ਚੁੱਪ ਵੀ ਲੱਗੇ ਚੰਗੀ॥

ਵਿੱਚ ਖ਼ੁਮਾਰੀ ਨੱਚਾਂ-ਗਾਵਾਂ, ਵੰਝਲੀ ਖ਼ੂਬ ਵਜਾਵਾਂ।
ਖ਼ੌਰੇ ਕਿਸ ਮਸਤੀ ਵਿੱਚ ਆ ਕੇ ਬੋਲਾਂ ਭਾਸ਼ਾ ਝੰਗੀ॥

ਜਾਂ ਤਾਂ ਬੜਾ ਚਲਾਕ ਏ ਸੱਜਣ, ਜਾਂ ਤਾਂ ਵਾਹਲ਼ਾ ਭੋਲ਼ਾ।
ਜੋ ਸ਼ੈਅ ਸਾਡੇ ਕੋਲ਼ੇ ਹੈ ਨ੍ਹੀ, ਓਹੀਓ ਉਸਨੇ ਮੰਗੀ॥

ਇਹ ਝਾਂਜਰ ਛਣਕਾ-ਛਣਕਾ ਕੇ ਨਵੀਆਂ ਧੁਨਾਂ ਬਣਾਵਾਂ।
ਕੁਝ ਦਿਨ ਪਹਿਲਾਂ ਲੱਭੀ ਸੀ ਜੋ ਕੰਧ ਉੱਤੇ ਹੈ ਟੰਗੀ॥

ਸੁਰਮਈ, ਨੀਲਾ, ਕਦੇ ਬਸੰਤੀ; ਜੋ ਅੰਬਰਾਂ ਵਿੱਚ ਵੇਖਾਂ।
ਓਸੇ ਰੰਗ ਵਿੱਚ ਰੂਹ ਮੇਰੀ ਵੀ ਜਾਂਦੀ ਹੈ ਜੀ ਰੰਗੀ॥

ਉਸ ਰੰਗ ਨੂੰ ਲੱਭਣ ਦੀ ਖ਼ਾਤਿਰ ਹੁਣ 'ਕੁਲਤਾਰ' ਨ੍ਹੀ ਸੌਂਦਾ।
ਜਿਸ ਬਾਰੇ ਕੁਝ ਮੇਰੇ ਕੰਨ ਵਿੱਚ ਕਹਿ ਕੇ ਤਿਤਲੀ ਲੰਘੀ॥

# ਲਹਿਰ

ਲੌਅ ਹੈ ਪੂਰੀ, ਠੋਕਰ ਖਾਈਏ ਖ਼ੌਰੇ ਆਪਾਂ ਫਿਰ ਵੀ ਕਿਉਂ।
ਪਰ ਅਜੇ ਵੀ ਤੁਰਦੇ ਜਾਈਏ ਖ਼ੌਰੇ ਆਪਾਂ ਫਿਰ ਵੀ ਕਿਉਂ॥

ਪਹੁੰਚ ਅਸਾਡੀ ਤੋਂ ਬਾਹਰ ਹੈ, 'ਉਹ' ਪਤਾ ਹੈ ਲੇਕਿਨ ਜੀ।
ਤਾਂ ਵੀ ਚੰਨ ਵੱਲ ਛਾਲ਼ ਲਗਾਈਏ ਖ਼ੌਰੇ ਆਪਾਂ ਫਿਰ ਵੀ ਕਿਉਂ॥

ਬੰਦ ਦਰਵਾਜ਼ੇ ਅੰਦਰੋਂ ਉਸਨੇ 'ਨਾਂਹ' ਹੀ ਕਰਨੀ ਹੁੰਦੀ ਏ।
ਜਾ ਜਾ ਕੇ ਕਿਸਮਤ ਅਜ਼ਮਾਈਏ ਖ਼ੌਰੇ ਆਪਾਂ ਫਿਰ ਵੀ ਕਿਉਂ॥

ਤੂੰ ਸੀ ਸਦਾ ਪਰਾਈ, ਸੱਚ ਹੈ, ਰਹਿਣਾ ਸਦਾ ਪਰਾਈ ਏ।
ਕਰੀਏ ਤੈਨੂੰ ਪਿਆਰ ਪਰਾਈਏ ਖ਼ੌਰੇ ਆਪਾਂ ਫਿਰ ਵੀ ਕਿਉਂ॥

ਕੁਝ ਅਸਰ ਤਾਂ ਹੋਣਾ ਚਾਹੀਦਾ ਯਾਦਾਂ ਦੇ ਪਾਣੀ 'ਚ।
ਦੱਸੋ ਲਗਾਤਾਰ ਕੁਮਲ਼ਾਈਏ ਖ਼ੌਰੇ ਆਪਾਂ ਫਿਰ ਵੀ ਕਿਉਂ॥

ਖ਼ਾਹਿਸ਼ਾਂ ਦੇ ਟੁਕੜੇ ਉਸਨੇ ਹਿਜ਼ਰ ਦੇ ਜੰਗਲ਼ੀਂ ਸੁੱਟੇ ਨੇ।
ਤੇ ਲੱਭ-ਲੱਭ ਕੇ ਪੱਲੇ ਪਾਈਏ ਖ਼ੌਰੇ ਆਪਾਂ ਫਿਰ ਵੀ ਕਿਉਂ॥

ਖ਼ੌਰੇ ਗ਼ਮ ਦੀ ਕਿਹੜੀ ਲਹਿਰ 'ਚ ਡੁੱਬ ਕੇ ਕਦ ਮਰ ਜਾਣਾ।
ਤੌਬਾ ਹੈ, 'ਕੁਲ-ਤਾਰ' ਕਹਾਈਏ ਖ਼ੌਰੇ ਆਪਾਂ ਫਿਰ ਵੀ ਕਿਉਂ॥

# ਲੇਖ

ਇਸ਼ਕ ਤੇਰੇ ਦੀਆਂ ਓਟਾਂ ਲੈ ਕੇ ਬਹੁਤ ਹਾਦਸੇ ਟਾਲ਼ੇ।
ਵਿੱਚ ਜੁਦਾਈਆਂ ਮੁੱਕਦੀ ਜਿੰਦ ਨੂੰ ਲੇਕਿਨ ਕੌਣ ਸੰਭਾਲ਼ੇ॥

ਦੱਸੋ ਕਿਹੜੀ ਚੀਜ਼ ਅਸਾਂ ਦੀ ਥੋਨੂੰ ਚੰਗੀ ਲਗਦੀ।
ਜਾਂ ਕਿ ਪੱਥਰ ਬੁੱਲ੍ਹੀਆਂ ਜਾਂ ਕਿ ਹੰਝੂਆਂ ਦੇ ਪਰਨਾਲ਼ੇ॥

ਕਰ ਲਵਾਂਗੇ ਜੀਊਣ ਦੀ ਕੋਸ਼ਿਸ਼, ਬਾਕੀ ਜੋ ਵੀ ਹੋਵੇ।
ਚੰਗਾ ਹੋਇਆ ਵਹਿਮ ਤਾਂ ਟੁੱਟੇ, ਸਨ ਅਸਾਂ ਜੋ ਪਾਲ਼ੇ॥

'ਕੁਲਤਾਰ' ਉਨ੍ਹਾਂ ਦੀ ਚੌਖ਼ਟ ਜਾ ਕੇ 'ਮੰਦਾ' ਹੀ ਅਖਵਾਇਆ।
ਓਹਨਾਂ ਦਰ ਤੋਂ ਧੱਕਿਆ ਨਾਲ਼ੇ, 'ਚੰਗੇ' ਬਣ ਗਏ ਨਾਲ਼ੇ॥

ਮੈਂ ਤਾਂ ਹੰਭਿਆ, ਹਾਰਿਆ, ਹਫ਼ਿਆ, ਥੱਕ ਹਾਰ ਕੇ ਡਿੱਗਾ।
ਸੋਚਾਂ ਦੇ ਵੀ ਦਰ ਭਿੜੇ ਨੇ, ਯਾਦਾਂ ਉੱਤੇ ਜਾਲ਼ੇ॥

ਬੱਦਲ਼ਾਂ, ਖ਼ਾਬਾਂ, ਨਾਲ਼ੇ ਹੱਥਾਂ ਦੀਆਂ ਲਕੀਰਾਂ ਵਿੱਚੋਂ।
ਨੈਣਾਂ ਦੇ ਵਿੱਚ ਅਕਸ ਬਣਾ ਕੇ ਦਿਲ ਤੁਸਾਂ ਨੂੰ ਭਾਲ਼ੇ॥

ਹਰ ਵਕਤ ਚੇਤਿਆਂ ਵਿੱਚ ਤੁਹਾਨੂੰ ਅਸਾਂ ਵਸਾਈ ਰੱਖਣਾ।
ਭੁੱਲ ਜਾਵੋ ਜੀ ਨਾਲ਼ ਅਸਾਂ ਦੇ ਵਕਤ ਤੁਸਾਂ ਜੋ ਗਾਲ਼ੇ॥

ਮੌਤ ਆਪਣੇ ਇਸ਼ਕੇ ਦੀ ਦਾ ਆਪਾਂ ਮਾਤਮ ਕਰੀਏ।
ਆਵੋ ਬੈਠੋ ਸੰਗ ਅਸਾਂ ਦੇ ਲੇਖ ਜਿਨ੍ਹਾਂ ਦੇ ਕਾਲ਼ੇ॥

# ਮੇਘਾ

ਐਸਾ ਵੀ ਹੈ ਕੋਈ ਜਿਹੜਾ ਸਾਡੀ ਸਾਰ ਲਵੇ।
ਨੈਣ ਵਰਸਦੇ ਵੇਖ ਕੇ ਮੇਘਾ ਵਰਸ ਪਵੇ॥

ਇੱਕ ਗੱਲ ਮਾੜੀ ਏਹਨਾਂ ਵਿੱਚੋਂ ਨੀਂਦ ਨੂੰ ਭੱਜਣਾ ਪੈਂਦਾ।
ਮੈਂ ਤਾਂ ਚਾਹਨਾਂ ਹਰ ਦਮ ਸੱਜਣ ਨੈਣਾਂ ਵਿੱਚ ਰਵ੍ਹੇ॥

ਗੱਲਕਾਰ ਕੋਈ ਕਿੱਡਾ ਹੋਵੇ ਸੌ-ਸੌ ਪੱਲੇ ਪਾਈਏ।
ਸੋਚਦੇ ਆਂ ਜੋ ਤੈਨੂੰ ਕਹਿਣਾ ਤੈਨੂੰ ਕੌਣ ਕਵ੍ਹੇ॥

ਜਾਂ ਤਾਂ 'ਕੱਲਾ ਬੈਠ ਚੁਬਾਰੇ ਗ਼ਜ਼ਲਾਂ ਪੜ੍ਹਦਾ ਰਹਿੰਦਾ।
ਜਾਂ ਕੋਈ ਠਾਹਰ ਬਣਾ ਕੇ ਓਹਦੇ ਰਾਹਾਂ ਵਿੱਚ ਰਵ੍ਹੇ॥

ਦਰਦਾਂ ਮਾਰੇ ਦਰ-ਦਰ ਘੁੰਮੀਏ, ਦਿਲਬਰ ਦੀ ਦੱਸ ਪਾਵੇ।
ਹੋਏ ਦਿਲਾਸਾ ਦਿਲ ਨੂੰ ਕੋਈ ਦਾਰੂ ਆਣ ਦਵੇ॥

ਦਿਲ 'ਤੇ ਪੱਥਰ ਰੱਖ ਲਾਂ'ਗੇ ਜੇ ਉਸਨੇ ਸਾਂਝ ਮੁਕਾਉਣੀ।
ਬਸ ਇੱਕ ਯਾਦਾਂ ਛੱਡ ਕੇ ਸਾਥੋਂ ਕੁਝ ਵੀ ਚੀਜ਼ ਲਵੇ॥

ਗਏ ਪਛਾਣੇ ਐਸੇ ਵੀ ਜੋ ਮੇਰਾ ਅਕਸ ਵਿਗਾੜਨ।
ਹੁਣ ਇਤਬਾਰ ਨ੍ਹੀ ਕਰਨਾ ਭਾਵੇਂ ਬੈਠਣ ਗਰਮ ਤਵੇ॥

ਦਿਲ ਦਾ ਆਲਮ ਬਦਲ ਗਿਆ ਏ ਰੱਬੀ ਸਾਂਝ ਹੈ ਜਾਗੀ।
ਪੀਰ-ਫ਼ਕੀਰਾਂ-ਮੁਰਸ਼ਦਾਂ ਦੇ ਚਰਨੀ ਢਹਿ ਪਵੇ॥

# ਮਹਿਫ਼ਿਲ

ਮਹਿਫ਼ਿਲ ਦੇ ਵਿੱਚ ਤਾੜੀਆਂ ਜਿਸਨੇ ਸਭ ਤੋਂ ਵੱਧ ਵਜਾਈਆਂ।
ਇਹ ਗ਼ਜ਼ਲਾਂ ਤਾਂ ਬੋਲ ਕੇ ਆਪੇ ਉਸ ਨੇ ਆਪ ਲਿਖਾਈਆਂ॥

ਵਿੱਚ ਹਥੇਲੀ ਸਾਡੀ ਹੀ ਸੀ ਲੀਕ ਕੋਈ ਨ੍ਹੀ ਚੰਗੀ।
ਬੜੇ ਆਸਰੇ ਦਿੱਤੇ ਸਾਨੂੰ ਸਾਡੇ ਯਾਰਾਂ-ਭਾਈਆਂ॥

ਭੂਆ-ਮਾਸੀਆਂ ਦੇ ਵਿੱਚ ਪਹਿਲਾਂ ਵਾਲ਼ੀ ਉਲਫ਼ਤ ਨਾਹੀਂ।
ਕਰਨ ਸ਼ਰੀਕੇਬਾਜ਼ੀ ਪੂਰੀ ਸਾਡੀਆਂ ਚਾਚੀਆਂ-ਤਾਈਆਂ॥

ਅਸੀਂ ਉਨ੍ਹਾਂ ਦੇ ਮਨ ਦੀ ਚਿਹਰੇ ਤੋਂ ਹੀ ਪੜ੍ਹ ਲੈਂਦੇ ਸਾਂ।
ਸਾਡੇ ਸੱਜਣ ਫਿਰ ਵੀ ਯਾਰੋ ਕਰਦੇ ਰਹੇ ਮਨ-ਆਈਆਂ॥

ਪੀ ਲਈ ਰੱਤ ਨਿਚੋੜ ਉਨ੍ਹਾਂ ਦੀ ਜ਼ਾਲਿਮ ਇੱਕ ਸ਼ਿਕਾਰੀ।
ਪਾਣੀ ਪੀਣੇ ਨੂੰ ਆਈਆਂ ਸੀ ਚਿੜੀਆਂ ਕੁਝ ਤਿਰਹਾਈਆਂ॥

ਲੱਭਦੇ ਹੋਏ ਪੁਰਾਣੀਆਂ ਨਜ਼ਮਾਂ, ਯਕ-ਦਮ ਸਾਹਵੇਂ ਆਈਆਂ।
ਕੁਝ ਜੰਗਾਲ਼ੀਆਂ ਤਲਵਾਰਾਂ ਮੈ ਪੜਛੱਤੀ ਤੋਂ ਲਾਹੀਆਂ॥

ਸਾਡੇ ਮੋਇਆਂ ਸਾਥੀਆਂ ਦੀਆਂ ਸਨ ਉਸ 'ਤੇ ਤਸਵੀਰਾਂ।
ਰਾਹਤ ਕੈਂਪ 'ਚ ਜੋ ਅਖ਼ਬਾਰਾਂ ਲੰਗਰ ਹੇਠ ਵਿਛਾਈਆਂ॥

ਨਾ ਇਨ੍ਹਾਂ ਦੇ ਕੰਨ, ਨਾ ਅੱਖਾਂ, ਪਰ ਇਹ ਹੱਸਦੇ ਚਿਹਰੇ।
ਦੱਸ 'ਕੁਲਤਾਰ' ਮੂਰਤੀਆਂ ਇਹ ਕਿਸਨੇ ਹਨ ਬਣਾਈਆਂ॥

# ਮਿੱਟੀ

ਮਿੱਟੀ ਵਾਂਗੂੰ ਭੁਰ-ਭੁਰ ਮਿੱਟੀ ਦੇ ਵਿੱਚ ਰਲ਼ਦੇ ਜਾਈਏ।
ਕਾਸ਼ ਮੌਤ ਆਉਣ ਤੋਂ ਪਹਿਲਾਂ ਜਲਦੀ ਮੁਕਤੀ ਪਾਈਏ॥

ਇਹ ਵੀ ਤਾਂ ਪਥਰਾ ਗਏ ਹੁਣ ਤਾਂ ਤਰਸ ਵੀ ਕੀਹਨੂੰ ਆਵੇ।
ਰੋ-ਰੋ ਮੁੱਕਾ ਨੀਰ ਨੈਣਾਂ 'ਚੋਂ ਕਿਹਨੂੰ ਕੀ ਦਿਖਲਾਈਏ॥

ਖ਼ਾਲੀ ਹੱਥ ਖੋਲ ਕੇ ਦੋਵੇਂ ਅੱਗੇ ਤੇਰੇ ਕਰ'ਤੇ।
ਹੋਰ ਕੀ ਚਾਹੁੰਦੀ ਜ਼ਿੰਦਗੀਏ ਦੱਸ ਚੰਦਰੀਏ ਲਲਚਾਈਏ॥

ਬਹੁਤ ਹੀ ਜ਼ਾਲਿਮ ਹੈ ਮ੍ਰਿਗਤ੍ਰਿਸ਼ਨਾ ਹੁਣ ਨ੍ਹੀ ਜਾਣਾ ਪਿੱਛੇ।
ਆਪਾਂ ਕਾਹਨੂੰ ਤੱਕ-ਤੱਕ ਇਹਨੂੰ ਆਪਣਾ ਮਨ ਤੜਪਾਈਏ॥

ਚੱਲ ਕੁਝ ਚੰਦ ਨਾ' ਗੱਲਾਂ ਕਰੀਏ, ਕੁਝ ਹਵਾ ਦੀ ਸੁਣੀਏ।
ਕੋਲ਼ ਝੀਲ ਦੇ ਜਾ ਕੇ ਬਹੀਏ, ਰੁੱਖ ਨੂੰ ਕੋਲ਼ ਬਿਠਾਈਏ॥

ਹਾਲਾਂਕਿ ਅਸਮਾਨਾਂ ਤੇਰਿਆਂ ਵਿੱਚ ਮੇਰੀ ਨ੍ਹੀ ਚਲਦੀ।
ਆ ਨੀ ਚਿੜੀਏ ਹਾਲ ਸੁਣਾ ਜਾ ਬਾਜਾਂ ਦੀਏ ਸਤਾਈਏ॥

ਭੌਰੇ ਕਿਹੜੀ ਲੋਰ 'ਚ ਸੱਜਣਾਂ ਤੂੰ ਮਸਤੀ ਵਿੱਚ ਝੂਮੇਂ।
ਅਸੀਂ ਆਪਣੇ ਬਾਰੇ ਲਿਖ-ਲਿਖ ਜਦੋਂ ਮਰਸੀਏ ਗਾਈਏ॥

ਮਹਿਲ ਉਸਾਰਾਂ ਗੀਤਾਂ ਦੇ ਮੈਂ ਹੋਰ-ਹੋਰ ਜੇ ਆਖੇਂ।
ਇੰਨੀ ਨਹੀਂ ਬਿਸਾਤ ਕਿ ਆਪਾਂ ਰਸਮਾਂ ਦੀ ਕੰਧ ਢਾਹੀਏ॥

ਸਾਡੀ ਇੱਕ ਵੀ ਗੱਲ ਉਨ੍ਹਾਂ ਨੇ ਸੱਚ ਕਦੀਂ ਨ੍ਹੀ ਮੰਨੀ।
ਨਾਂ 'ਕੁਲਤਾਰ' ਅਸਾਨੂੰ ਚੰਗਾ, ਝੂਠੇ ਕਿਉਂ ਕਹਾਈਏ॥

ਕਹਿੰਦੇ ਨੇ ਜੀ ਆਹ ਜਨਮ ਤਾਂ ਪਿਛਲਿਆਂ ਦਾ ਏ ਲੇਖਾ।
ਅਗਲੇ ਦੇ ਵਿੱਚ ਕੰਮ ਜੋ ਆਵਣ ਕਿਹੜੇ ਜੱਗ ਕਰਾਈਏ॥

# ਮਿਤਵਾ

ਭੱਜ ਕੇ ਚੁੱਕਾਂ, ਚੁੰਮ ਕੇ ਮੱਥੇ ਲਾਵਾਂ ਪੂਰੇ ਚਾਅ ਦੇ ਨਾਲ਼।
ਸੁੱਕੇ ਪੱਤੇ ਵੀ ਜੇ ਮੇਰੇ ਵਿਹੜੇ ਆਵਣ 'ਵਾ ਦੇ ਨਾਲ਼॥

ਨਦੀ, ਹਵਾ ਤੇ ਤਾਰਿਆਂ, ਬਿਰਖ਼ਾਂ ਨੂੰ ਕਹਿ ਦਓ ਸੌਂ ਜਾਵੋ।
ਮੈਂ ਤਾਂ ਵਿੱਚ ਖ਼ਿਆਲਾਂ ਕੁਝ-ਚਿਰ ਟਹਿਲਾਗਾਂ ਮਿਤਵਾ ਦੇ ਨਾਲ਼॥

ਤੇਰਿਆਂ ਨਕਸ਼ਾਂ ਜਿਹਾ ਰੂਪ ਜਦ ਧਾਰਿਆ ਗੀਤ ਅਸਾਡੇ ਨੇ।
ਹਰ ਵਾਰੀ ਹੈ ਫੁੱਲ ਭੇਜਿਆ; ਬੇਸ਼ਕ ਮੈਂ ਖ਼ਤਾ ਦੇ ਨਾਲ਼॥

ਏਨੇ ਕਿੰਝ ਚਹੇਤੇ ਤੇਰੇ, ਰਮਜ਼ ਕੋਈ ਤਾਂ ਦੱਸ ਜਾ ਤੂੰ।
ਨਾਲ਼ੇ ਆਪਣਾ ਇੱਕ-ਅੱਧ ਜਾਦੂ ਸਾਨੂੰ ਵੀ ਸਿਖਾ ਦੇ ਨਾਲ਼॥

ਓਸ ਬਿਰਖ਼ ਦੀਆਂ ਟਾਹਣਾਂ ਵਿੱਚ 'ਕੁਲਤਾਰ' ਬਾਸੁਰੀ ਰੱਖੀ ਏ।
ਇੱਕ ਨਿਸ਼ਾਨੀ-ਮਾਤਰ ਝੁਮਕਾ ਤੂੰ ਵੀ ਤਾਂ ਲਮਕਾ ਦੇ ਨਾਲ਼॥

ਅਣ-ਕਹੀਆਂ ਜੋ ਸਾਰੀਆਂ ਗੱਲਾਂ ਵਿੱਚ ਖ਼ਿਲਾਅ ਦੇ ਖਿੱਲਰੀਆਂ।
ਉਹ ਧੁਨਾਂ ਬਣ ਗੂੰਜਦੀਆਂ; ਮੈਂ ਸੁਣਦਾ ਹਾਂ ਫ਼ਿਜ਼ਾ ਦੇ ਨਾਲ਼॥

# ਮਖ਼ੌਟੇ

ਐਡੀ ਤਾਂ ਕੋਈ ਲੋੜ ਨਹੀਂ ਸੀ, ਖ਼ਾਹ-ਮ-ਖਾਹ ਬਦਲ ਲਏ।
ਮਖ਼ੌਟੇ ਪਿੰਡ ਪਹੁੰਚਣ ਤੋਂ ਪਹਿਲਾਂ ਆਪਾਂ ਸੀ ਲਾਹ ਬਦਲ ਲਏ॥

ਚਾਹੇ ਬਹੁਤੇ ਭਾਰੇ ਸਨ, ਪਰ ਸਾਨੂੰ ਬਹੁਤ ਪਿਆਰੇ ਸਨ।
ਅਸੀਂ ਉਨ੍ਹਾਂ ਦੇ ਲਾਰਿਆਂ ਬਦਲੇ ਆਪਣੇ ਸਾਹ ਬਦਲ ਲਏ॥

ਹਾਸੇ-ਖ਼ੁਸ਼ੀਆਂ ਵੰਡਦੇ ਸੀ, ਮਹਿਕਾਂ ਮੁਫ਼ਤ ਲੁਟਾਉਂਦੇ ਸੀ।
ਸਾਨੂੰ ਆਉਂਦਾ ਵੇਖ ਕੇ, ਓਹਨਾਂ ਨੇ ਭਾਅ ਬਦਲ ਲਏ॥

ਕਈ ਅਮੀਰ ਲੋਕਾਂ ਦੀ ਨਜ਼ਰੇ ਅਹਿਮੀਅਤ ਨਹੀਂ ਯਾਰਾਂ ਦੀ।
ਘਰਾਂ ਪੁਰਾਣਿਆਂ ਵਾਗੂੰ ਜਦ ਵੀ ਦਿਲ ਕੀਤਾ ਢਾਹ ਬਦਲ ਲਏ॥

ਪਿਆਰੀਆਂ ਗੱਲਾਂ ਦੇ ਵਿੱਚ ਪਾ ਕੇ, ਜੁਗਤੀ ਨਾ' ਜੰਗਲ਼ ਲਿਜਾ ਕੇ।
'ਕੁਲਤਾਰ' ਤੋਂ ਉਂਗਲ ਛੁਡਾ ਕੇ, ਓਹਨਾਂ ਨੇ ਰਾਹ ਬਦਲ ਲਏ॥

# ਮਲਾਹ

ਕੰਢੇ ਵੱਲ ਨੂੰ ਚੱਪੂ ਕਰਕੇ ਕਾਹਤੋਂ ਖੜ੍ਹਾ ਮਲਾਹ।
ਬੇੜੀ ਲੱਗ ਜਾਊ ਬੰਨੇ, ਕਿਸਨੇ ਦਿੱਤੀ ਇੰਝ ਸਲਾਹ॥

ਘੁੰਮਣ-ਘੇਰੀਆਂ ਦੇ ਵਿੱਚ ਬੇੜੀ ਘਿਰ ਗਈ ਕੁਝ ਨਾ ਸੁੱਝੇ।
ਗੁੱਸੇ ਵਿੱਚ, ਉਸ ਚੱਪੂ ਸੁੱਟਿਆ ਪਾਣੀ ਵਿੱਚ ਵਗਾਹ॥

ਮੰਜ਼ਿਲ ਮੇਰੇ ਸਾਹਮਣੇ, ਖੜ੍ਹਾ ਮੈਂ ਇੱਕੋ ਥਾਂ।
ਏਧਰ-ਓਧਰ ਪੈਰਾਂ ਥੱਲੇ ਘੁੰਮੀ ਜਾਵਣ ਰਾਹ॥

ਏਥੇ-ਓਥੇ ਕਰੇ ਇਸ਼ਾਰੇ, ਖੇਡੇ ਤੇ ਉਹ ਹੱਸੇ।
ਏਥੇ-ਓਥੇ ਮੈਂ ਵੀ ਦੌੜੀ ਜਾਵਾਂ ਸਾਹੋ-ਸਾਹ॥

ਚੱਲ 'ਕੁਲਤਾਰ' ਪਰਖੀਏ ਤੈਨੂੰ, ਕਹਿੰਨੈਂ ਪਿਆਰ ਬੜਾ ਏ।
ਫਿਰ ਬੁਝਿਆ ਜਿਹਾ ਹੱਸਿਆ ਸੀ ਉਹ ਮੰਨੂੰ ਸੂਲੀਓਂ ਲਾਹ॥

## ਮੁਰਸ਼ਦ

ਖ਼ੌਰੇ ਕਿਸ ਨਾ' ਸ਼ਰਤਾਂ ਲਾ ਕੇ ਪਾਉਂਦਾ ਸਾਨੂੰ ਜੱਬ੍ਹ।
ਚਾਰੇ ਤਰਫ਼ੋਂ ਘੇਰ-ਘੇਰ ਕੇ ਦੁੱਖੜੇ ਦੇਂਦਾ ਰੱਬ॥

ਕੁਝ ਨੂੰ ਕੋਲ਼ ਬਿਠਾਇਆ, ਕੁਝ ਨੂੰ ਧਰਤੀ ਸੁਖੀ ਟਿਕਾਇਆ।
ਮੈਨੂੰ ਜਿੱਥੇ ਭਟਕਣ ਪਾਇਆ ਉਹ ਦੋਹਾਂ ਦਾ ਗੱਭ॥

ਸਾਨੂੰ ਕੁਝ ਦੇਣਾ ਤਾਂ ਕੀ ਏ, ਮੁੜ ਕੇ ਗੁੰਮ ਕਰ ਦੇਂਦਾ।
ਜਾਂ ਖੋਹ ਲੈਂਦਾ ਰਸਤੇ ਵਿੱਚੋਂ ਕੁਝ ਪਵੇ ਜੇ ਲੱਭ॥

ਸਾਡੀਆਂ ਤਾਂ ਹੁਣ ਸੋਚਾਂ ਵੀ ਨੇ ਸੂਲ਼ਾਂ ਦੇ ਸੰਗ ਵਿੰਨ੍ਹੀਆਂ।
ਸਾਡੇ ਤਾਂ ਹੁਣ ਸੁਪਨੇ ਵੀ ਨੇ ਦੁੱਖਾਂ ਮਾਰੇ ਸਭ॥

ਇਸ ਦੁਨੀਆਂ ਦੇ ਸਖ਼ਤ ਰਵੱਈਏ ਸਾਨੂੰ ਐਸਾ ਕੀਤਾ।
ਹੁਣ ਨ੍ਹੀ ਕੌੜਾ ਲਗਦਾ ਭਾਵੇਂ ਅੱਕ ਵੀ ਜਾਈਏ ਚੱਬ॥

ਮਿਹਰ ਵੀ ਹੁਣ ਉਸ ਆਪੇ ਕਰਨੀ, ਬਖ਼ਸ਼ੇਗਾ ਵੀ ਆਪੇ।
ਕਿੰਝ ਉਸ ਤੀਕਰ 'ਵਾਜ ਪੁਚਾਈਏ ਆਉਂਦਾ ਨਹੀਂਓ ਢੱਬ॥

ਜੇ ਮੁਰਸ਼ਦ ਮੁਸਕਾਈ ਜਾਵੇ ਤੇ ਮੈਂ ਗਾਈ ਜਾਵਾਂ।
ਬੁੱਲ੍ਹੇ ਸ਼ਾਹ ਦੇ ਨੱਚ-ਨੱਚ ਕੇ ਵੀ ਦੁਖਦੇ ਨਹੀਂਓ ਪੱਬ॥

'ਕੁਲਤਾਰ' ਜਿਹਿਆਂ ਨੂੰ ਭਟਕਦਿਆਂ ਨੂੰ ਲਾਈਂ ਕਿਨਾਰੇ ਆਪੇ।
ਬਣੀ ਸਹਾਰਾ ਆਪੇ ਆ ਕੇ, "ਸਾਈਂ ਲੋੜਹਿ ਸਭੁ"॥

# ਨਗੀਨੇ

ਆਪਣੇ ਖ਼ੌਫ ਦੀ ਡੱਬੀ ਦੇ ਵਿੱਚ ਬੰਦ ਸਨ ਯਾਰ 'ਨਗੀਨੇ'।
ਉਂਝ ਤਾਂ ਤੜਪ ਕੇ ਲਗਣਾ ਚਾਹੁੰਦੇ ਸੀ ਉਹ ਸਾਡੇ ਸੀਨੇ॥

ਖ਼ੌਰੇ ਕਿਹੜੀਆਂ ਨਜ਼ਰਾਂ ਦੇ ਸੰਗ ਤੱਕ ਰਹੇ ਸੀ ਉਹਨੂੰ।
ਚੰਦਰ, ਝੀਲ, ਹਵਾ ਤੇ ਜੰਗਲ਼ ਨਿਕਲ਼ੇ ਬੜੇ ਕਮੀਨੇ॥

ਕਰੀ ਜਾਏ ਉਹ ਜਾਣਾ-ਜਾਣਾ, ਆਪਾਂ ਮਿੰਨਤਾਂ ਕਰੀਏ।
ਕੁਝ ਪਲ ਰੋਕਣਾ ਚਾਹੁੰਦੇ ਸੀ ਪਰ ਆਏ ਨਹੀਂ ਕਰੀਨੇ॥

ਖ਼ਬਰੇ ਓਹਦੇ ਸ਼ਬਦਾਂ ਦੇ ਵਿੱਚ ਕਿਹੜੀ ਖਿੱਚ ਨਾ ਜਾਣਾਂ।
ਸੱਜਣਾਂ ਬਾਝੋਂ ਸਾਡੇ ਪਲ ਵੀ ਬੀਤਣ ਜਿਵੇਂ ਮਹੀਨੇ॥

ਯਾ ਖ਼ੁਦਾ, 'ਕੁਲਤਾਰ' ਨੂੰ ਓਹਦਾ ਸੱਜਣ ਬਖ਼ਸ਼ ਦਿਓ ਜੀ।
ਨਹੀਂ ਤਾਂ ਏਸੇ ਕੰਮ ਲਈ ਜਾਣਾ ਪੈਣਾ ਹੈ ਮਦੀਨੇ॥

## ਨਕਸ਼

ਪੈਰਾਂ ਵਿੱਚ ਕਾਮਯਾਬੀ, ਸਿਰ ਉੱਤੇ ਕਾਲ ਸੀ।
ਚਿਹਰੇ ਉੱਤੇ ਸ਼ਾਂਤੀ, ਮਨ 'ਚ ਬਵਾਲ ਸੀ॥

ਲਿਖਣੇ ਨੂੰ ਕਵਿਤਾ ਚੁੱਕਿਆ ਜੋ ਵਰਕਾ।
ਓਹਦੇ ਉੱਤੇ ਕੁਝ ਕੁ ਘਟਾਓ ਦੇ ਸਵਾਲ ਸੀ॥

ਵਰਖਾ 'ਚ ਰੇਤ ਨਾਲ਼, ਘਰ ਸੀ ਬਣਾ ਰਿਹਾ।
ਸੁੰਨ ਵਿੱਚ 'ਕੱਲਾ ਇੱਕ ਖੇਡ ਰਿਹਾ ਬਾਲ ਸੀ॥

ਬੜੇ ਸਨ ਮੁਸ਼ਕਿਲ ਨਕਸ਼ ਪਛਾਣ ਲੈਣੇ।
ਏਸ ਵਾਰੀ ਨਵੀਂ ਤਰ੍ਹਾਂ ਆਇਆ ਨਵਾਂ ਸਾਲ ਸੀ॥

ਮਾਘ ਦੇ ਮਹੀਨੇ ਵਿੱਚ ਮੁੜ੍ਹਕੇ ਨਾ' ਭਿੱਜਿਆ।
ਘ਼ੌਰੇ ਕੀ ਸੀ ਸੋਚ ਰਿਹਾ, ਬੜਾ ਬੁਰਾ ਹਾਲ ਸੀ॥

ਪਵਨ ਦੀ ਲੋਰ ਵਿੱਚ ਮੇਘਲੇ ਸੀ ਗਾ ਰਹੇ।
ਨਦੀਆ ਦਾ ਸ਼ੋਰ ਨਾਲ਼ ਦੇ ਰਿਹਾ ਤਾਲ ਸੀ॥

ਅੰਬਰਾਂ 'ਤੇ ਨੀਲਾ ਰੰਗ ਪੱਤਿਆਂ 'ਤੇ ਹਰਾ।
ਮੁੱਖ ਉੱਤੇ ਪੀਲ਼ਾ ਸਾਡੇ, ਨੈਣਾਂ ਵਿੱਚ ਲਾਲ ਸੀ॥

ਰੁੱਖ 'ਕੁਲਤਾਰ' ਵਾਂਗ ਚੁੱਪ-ਚਾਪ ਕੱਟਦਾ।
ਦਿਨ ਅਤੇ ਰਾਤ ਬਸ ਖੇਡ ਰਹੇ ਚਾਲ ਸੀ॥

## ਨਜ਼ਰ

ਸਮਝ ਨਾ ਆਵੇ ਸੱਜਣ ਜੇਕਰ ਰੂਹ ਤੋਂ ਚਾਹੁੰਦੇ ਨੇ।
ਬਿਨ ਪਾਣੀ ਮੱਛੀ ਵਾਂਗੂੰ ਫਿਰ ਕਾਹਤੋਂ ਤੜਪਾਉਂਦੇ ਨੇ॥

ਨਜ਼ਰੋਂ ਪਿਆਰ ਦਿਖਾ ਕੇ ਸਾਨੂੰ ਚਾੜ੍ਹ ਅੰਬਰੀਂ ਦੇਂਦੇ।
ਤੇ ਫਿਰ ਅੱਖ ਦੀ ਘੂਰ ਨਾਲ਼ ਹੀ ਅੰਬਰਾਂ ਤੋਂ ਲਾਹੁੰਦੇ ਨੇ॥

ਖ਼ਿਆਲਾਂ ਵਿੱਚ ਬੈਕੁੰਠ ਜਿਹਾ ਆਭਾਸ ਅਸੀਂ ਕਰ ਲਈਏ।
ਖ਼ਾਬਾਂ ਵਿੱਚ ਉਹ ਦਿਲ ਨੂੰ ਪਰ ਵਾਹਵਾ ਦਹਿਲਾਉਂਦੇ ਨੇ॥

ਸਾਗਰ ਕੰਢੇ ਰੇਤਾ ਉੱਤੇ ਕੁਝ ਉੱਕਰਦੇ ਰਹਿੰਦੇ।
ਜੀਕਣ ਮਿਰੇ ਮੁਕੱਦਰ ਦੀਆਂ ਲੀਕਾਂ ਉਹ ਵਾਹੁੰਦੇ ਨੇ॥

ਦੇਖੀਂ ਰੇਤਾ ਉੱਤੋਂ ਉਹਦੀ ਪੈੜ ਮਿਟਾ ਨਾ ਦੇਵਣ।
ਜਲਦੀ ਕਰ 'ਕੁਲਤਾਰ' ਹਵਾ ਦੇ ਬੁੱਲ੍ਹੇ ਤੇਜ਼ ਆਉਂਦੇ ਨੇ॥

## ਨਬਜ਼

ਮੈਂ ਜਾਣਦਾਂ; ਸਾਹ ਦਾ ਸੁੱਕਣਾ ਕੀ ਹੁੰਦਾ ਏ।
ਜਿਊਂਦੇ ਰਹਿਣਾ, ਨਬਜ਼ ਦਾ ਰੁਕਣਾ ਕੀ ਹੁੰਦਾ ਏ॥

ਰੋਗ ਦੇ ਵਾਧੇ ਵਾਂਗੂੰ ਵਧਣਾ ਕੀ ਹੁੰਦਾ ਏ।
ਘਟਦੇ ਆਟੇ ਵਾਂਗੂੰ ਮੁੱਕਣਾ ਕੀ ਹੁੰਦਾ ਏ॥

ਕੰਧਾਂ ਫੜ ਕੇ ਵੇਲ ਦਾ ਚੜ੍ਹਨਾ ਕੀ ਹੁੰਦਾ ਏ।
ਆਪਣੇ ਫ਼ਲ਼ ਦੇ ਭਾਰ ਨਾ' ਝੁਕਣਾ ਕੀ ਹੁੰਦਾ ਏ॥

ਰੋਂਦਿਆਂ ਹੋਇਆਂ ਕਈ ਵਾਰੀ ਮੂੰਹ ਧੋ ਲੈਣਾ।
ਹੰਝੂਆਂ ਦਾ ਪਾਣੀ ਵਿੱਚ ਲੁਕਣਾ ਕੀ ਹੁੰਦਾ ਏ॥

ਬਹੁਤ ਪਸ਼ੇਮਾਂ ਹੋ ਕੇ ਸਿਜਦਾ ਕਰਦੇ ਦਾ।
ਮੱਥੇ ਦਾ ਦਹਿਲੀਜ਼ 'ਤੇ ਠੁਕਣਾ ਕੀ ਹੁੰਦਾ ਏ॥

ਛੱਤ ਵੱਲ ਵੇਖੀ ਜਾਣਾ ਤੇ 'ਕੁਲਤਾਰ ਸਿਆਂ'।
ਐਵੇਂ ਹੀ ਆਪਣੇ ਬੁੱਲ ਟੁੱਕਣਾ ਕੀ ਹੁੰਦਾ ਏ॥

ਕਿੰਝ ਕਰੀਦੀ ਹੈ ਜੀ ਸੇਵਾ ਜੋੜਿਆਂ ਦੀ।
ਸਰਹੱਦਾਂ 'ਤੇ ਜਾ ਕੇ ਬੁੱਕਣਾ ਕੀ ਹੁੰਦਾ ਏ॥

ਵਿੱਚ ਫ਼ੈਲਾ ਕੇ ਪਰਚਮ ਪੂਰੀ ਦੁਨੀਆਂ ਦੇ।
ਦਰਗਾਹਾਂ 'ਤੇ ਆ ਕੇ ਢੁੱਕਣਾ ਕੀ ਹੁੰਦਾ ਏ॥

ਜ਼ਿੰਦਗੀ ਵਿੱਚੋਂ ਲੱਭਣਾ ਗਹਿਰੇ ਅਰਥਾਂ ਨੂੰ।
ਅਰਥਾਂ ਨੂੰ ਅਰਥੀ 'ਤੇ ਚੁੱਕਣਾ ਕੀ ਹੁੰਦਾ ਏ॥

# ਨਕਾਬ

ਚੁੱਕਿਆ ਨਕਾਬ, ਫਿਰ ਮੁੱਖੜਾ ਛੁਪਾ ਲਿਆ।
ਏਨੇ ਵਿੱਚ ਨਗ਼ਮਾਂ ਸੀ ਅਸਾਂ ਨੇ ਬਣਾ ਲਿਆ॥

ਲਿਖਿਆ ਸੀ ਜਿਹੜਾ ਘੁੰਮ ਨਦੀ ਦੇ ਕਿਨਾਰੇ ਉੱਤੇ।
ਸੁੱਕੇ ਰੁੱਖਾਂ ਕੋਲ਼ ਬਹਿ ਕੇ ਗੀਤ ਅਸੀਂ ਗਾ ਲਿਆ॥

ਸੁੱਖਾਂ ਵਿੱਚ ਬੀਤਣੀ ਹੈ ਵਸਲਾਂ 'ਚ ਜ਼ਿੰਦਗੀ।
ਹਿਜ਼ਰਾਂ 'ਚ ਉਹਦੇ ਤਾਂ ਹੀ ਸੁੱਖ ਦਾ ਨਾ ਸਾਹ ਲਿਆ॥

ਬਹੁਤ ਮਸ਼ਹੂਰ ਨੇ ਕਹਾਣੀਆਂ ਜੀ ਉਹਦੀਆਂ।
ਗੀਤ ਓਹਨੇ ਸਾਡੇ ਤੋਂ ਵੀ ਆਪਣਾ ਲਿਖਾ ਲਿਆ॥

ਕਿੰਨੀ ਅਹਿਮੀਅਤ ਸਾਡੀ ਵਿੱਚ ਉਹਦੀ ਨਜ਼ਰਾਂ ਦੇ।
ਛੇਤੀ 'ਕੁਲਤਾਰ' ਨੇ ਹੈ ਭੇਦ ਇਹ ਵੀ ਪਾ ਲਿਆ॥

# ਪਾਣੀ

ਚਿਤਾ ਆਪਣੀ ਬਾਲ਼ ਨਾ ਸਕਿਆ, ਹੋਰ ਕੀ ਦੱਸੋ ਕਰਦਾ ਪਾਣੀ।
ਉਸ ਵਿੱਚ ਸੌ ਲਾਸ਼ਾਂ ਤਰੀਆਂ ਸੀ, ਕਿੱਥੇ ਡੁੱਬਕੇ ਮਰਦਾ ਪਾਣੀ॥

ਮੰਗਿਆ ਕਿਸਨੇ ਅੰਤ ਸਮੇਂ ਨੂੰ, ਕਿਸਨੇ ਕਿਸਨੂੰ ਤੜਪਾਇਆ।
ਕੀ ਹੈ ਕਿੱਸਾ, ਕਿੰਝ ਹੈ ਡੁੱਲ੍ਹਿਆ, ਮਕਤਲ ਵਿੱਚ ਸਰਵਰ ਦਾ ਪਾਣੀ॥

ਹੰਝੂਆਂ ਵਰਗਾ ਰੰਗ ਹੈ ਇਸਦਾ, ਰੋਣੇ ਜਿਹੀ ਆਵਾਜ਼ ਵੀ ਹੈ।
ਸ਼ਰਮਸਾਰ ਜਿਹਾ ਲਗਦਾ ਹੈ ਅੱਜ ਚਿਖ਼ਾ ਦੇ ਉੱਪਰ ਵਰ੍ਹਦਾ ਪਾਣੀ॥

ਵਾਰ-ਵਾਰ ਭੱਜਦਾ ਹੈ ਲੇਕਿਨ, ਤਿਲਕੇ, ਤੇ ਮੁੜ ਓਥੇ ਜਾਵੇ।
ਸਾਗਰ ਬਣ ਫਸਿਆ ਹੋਇਆ ਏ, ਆਪੇ ਖ਼ੁਦ ਤੋਂ ਡਰਦਾ ਪਾਣੀ॥

ਜ਼ਿੰਦਗੀ ਦਾ ਅੰਮ੍ਰਿਤ ਹੈ, ਦੇਵੇ ਸ਼ੁੱਧਤਾ ਨਾਲ਼ੇ ਸੁੱਚਮਤਾ।
ਪਾਪ-ਵਿਕਾਰਾਂ ਨੂੰ ਧੋਂਦਾ ਏ, ਦੇਖੋ ਕੀ-ਕੀ ਜਰਦਾ ਪਾਣੀ॥

ਪਿਆਸ ਵੀ ਸਭ ਦੀ ਇੱਕ ਜੈਸੀ ਹੈ, ਮਾਰ ਵੀ ਸਭ ਨੂੰ ਇੱਕ ਜੈਸੀ।
ਫ਼ਰਕ ਮਿਟਾ ਦੇਂਦਾ ਹੈ ਏਦਾਂ ਹੱਦਾਂ ਦੇ ਅੰਤਰ ਦਾ ਪਾਣੀ॥

ਪਾਣੀ-ਪਾਣੀ ਹੋ ਗਿਆ ਸੀ ਜਦ, ਖ਼ੁਦ ਵਿੱਚ ਡੁੱਬਕੇ ਮਰ ਗਿਆ ਆਪੇ।
ਦੋਸ਼ੀ ਸੀ 'ਕੁਲਤਾਰ' ਜਿਹਾ; ਇਲਜ਼ਾਮ ਕਿਹਦੇ ਸਿਰ ਧਰਦਾ ਪਾਣੀ॥

# ਪਾਰ

ਜਾਂ ਕਿ ਲੈਣ ਉਨ੍ਹਾਂ ਦੀ ਮੈਂ ਸਾਰ ਜਾ ਰਿਹਾ ਹਾਂ।
ਜਾਂ ਕਿ ਝੋਲ਼ੀ ਵਿੱਚ ਪੁਆਉਣੇ ਖ਼ਾਰ ਜਾ ਰਿਹਾ ਹਾਂ॥

ਲਗਦਾ ਜਾ ਰਿਹਾ ਹੈ ਮੈਨੂੰ ਡਰ ਸ਼ਹਿਰੀਆਂ ਤੋਂ।
ਜਿੱਦਾਂ-ਜਿੱਦਾਂ ਦਰਿਆ ਵਿੱਚੋਂ ਪਾਰ ਜਾ ਰਿਹਾ ਹਾਂ॥

ਹਰ ਕੋਈ ਸ਼ਾਹਾਂ ਵਾਂਗੂੰ ਖ਼ਚਰੇ ਹਾਸੇ-ਹੱਸਦਾ ਹੈ।
ਮੈਂ ਵੀ ਕਰਜ਼ਾ ਜਨਮਾਂ ਦਾ ਉਤਾਰ ਜਾ ਰਿਹਾ ਹਾਂ॥

ਹੋ ਕੇ ਬੇ-ਕਰਾਰ ਮੈਂ ਥੋਡੇ ਕੋਲ਼ੇ ਆਇਆ ਸੀ।
ਥੋਡੇ ਕੋਲ਼ੋਂ ਹੋ ਕੇ ਬੇ-ਕਰਾਰ ਜਾ ਰਿਹਾ ਹਾਂ॥

ਜਿੱਤ ਦੇ ਨਿਸ਼ਾਨ ਹੱਥਾਂ ਵਿੱਚ ਫੜੇ ਹੋਏ ਨੇ।
ਟੁੱਟੇ ਦਿਲ ਵਿੱਚ ਲੈ ਕੇ ਪਰ ਮੈਂ ਹਾਰ ਜਾ ਰਿਹਾ ਹਾਂ॥

ਅੱਜ 'ਕੁਲਤਾਰ' ਗੱਲ ਸੱਜਣ ਨਾ' ਕਰਨੀ ਹੀ ਕਰਨੀ।
ਕੱਫ਼ਣ ਬੰਨ੍ਹ ਕੇ, ਬੰਦੇ ਲੈ ਕੇ ਚਾਰ ਜਾ ਰਿਹਾ ਹਾਂ॥

ਕੱਲ੍ਹ ਨੂੰ ਮੈਂ ਵੀ ਹੋ ਜਾਵਾਂਗਾ ਚੋਗਾ ਪਾਵਣ ਜੋਗਾ।
ਚੋਗ ਚੁਗਣ ਲਈ ਅੱਜ ਮੈਂ ਰਲ਼ ਕੇ ਡਾਰ ਜਾ ਰਿਹਾ ਹਾਂ॥

ਫੇਰ ਨਿਹੱਥਿਆਂ ਨਾਲ਼ ਉਨ੍ਹਾਂ ਨੇ ਕੀਤੀ ਹੈ ਬਦਮਾਸ਼ੀ।
ਤੁਸੀਂ ਸੋਚ ਲਓ ਲੇਕਿਨ ਮੈਂ ਤਾਂ ਯਾਰ ਜਾ ਰਿਹਾ ਹਾਂ॥

# ਪੱਥਰ

ਜੇ ਜਾਚ ਹੈ ਤੈਨੂੰ, ਹੱਥ ਵਿੱਚ ਕਿੰਝ ਛੁਪਾਈਦਾ ਪੱਥਰ।
ਤਾਂ ਪਤਾ ਅਸਾਨੂੰ ਮੱਥੇ 'ਤੇ ਕਿੰਝ ਖਾਈਦਾ ਪੱਥਰ॥

ਬਾਕੀ ਵੀ ਗੁਣ ਸਾਨੂੰ ਸੱਜਣਾਂ ਆਪਣੇ ਤੂੰ ਸਮਝਾ ਦੇਵੀਂ।
ਪਹਿਲਾਂ ਇਹ ਸਿਖਾ ਦੇ; ਕਿੰਝ ਹੋ ਜਾਈਦਾ ਪੱਥਰ॥

ਤੇਰੇ ਦੁਆਲ਼ੇ ਰਹਿਣ ਵਾਲ਼ਿਆਂ, ਚੰਗਾ ਹੀ ਸਮਝਾਇਆ ਹੈ।
'ਮੋਤੀ-ਮੋਤੀ ਚੁਗ਼ ਲਓ, ਨਹੀਂ ਅਪਣਾਈਦਾ ਪੱਥਰ॥

ਕੈਸਾ ਬੰਦਾਂ ਤੂੰ 'ਕੁਲਤਾਰ'? ਜਿੰਨੇ ਸਿਤਮ ਤੂੰ ਝੱਲੇ,
ਹੁਣ ਤੱਕ ਤੈਨੂੰ ਹੋ ਜਾਣਾ ਸੀ ਚਾਹੀਦਾ ਪੱਥਰ॥'

ਕਲਾ ਸਿੱਖ ਲਈ 'ਬਜਰਾਵਰ' ਨੇ ਪੱਥਰਾਂ ਵਿੱਚ ਰਹਿਣ ਦੀ।
ਖ਼ੁਦ ਨੂੰ, ਮੋਮ ਹੁੰਦਿਆਂ ਵੀ, ਦਿਖਾਈਦਾ ਪੱਥਰ॥

ਮੈਂ ਵੀ ਆਪਣਾ ਰੱਬ ਹੈ ਲੱਭਣਾ, ਮੇਰੇ ਵੀ ਸੌ ਕੰਮ।
ਉਂਞ ਹੀ ਕੋਈ ਫੜਾ ਦਓ ਚੁੱਕ ਕੇ, ਚਾਹੀਦਾ ਪੱਥਰ॥

# ਪੱਤੇ

ਜੇ ਪਹਿਰੇ ਵਿੱਚ ਇੰਝ ਸਖ਼ਤ ਹਵਾ ਦੇ ਰਹਿਣਗੇ ਪੱਤੇ।
ਤਾਂ ਕਿੰਝ ਆਪਣੇ ਕੋਈ ਦਿਲ ਦੀ ਗੱਲ ਫੇ' ਕਹਿਣਗੇ ਪੱਤੇ॥

ਦਰਿਆ ਕੰਢੇ ਰੁੱਖ ਇਹ ਵਾਹਲ਼ੇ ਜਦੋਂ ਪਿਆਸੇ ਹੋਏ।
ਰੁੱਖੋਂ ਟੁੱਟ ਕੇ ਦਰਿਆ ਦੇ ਵਿੱਚ ਵਹਿਣਗੇ ਪੱਤੇ॥

ਛੱਡ ਕੇ ਸਾਥ ਇਹ ਬਿਰਖ਼ਾਂ ਦਾ, ਏਧਰ-ਓਧਰ ਭਟਕਣਗੇ।
ਇਸ ਕਦਰ ਵੀ ਹੌਸਲਾ ਛੱਡ ਬਹਿਣਗੇ ਪੱਤੇ॥

ਬਚਾਉਣੀ ਜੇ ਹਰਿਆਵਲ ਹੈ ਤਾਂ ਪਾਣੀ ਦਿਓ ਬਿਰਖ਼ ਨੂੰ।
ਨਹੀਂ ਤਾਂ ਹਰ ਮੌਸਮ ਵਿੱਚ ਕਿਰਦੇ ਰਹਿਣਗੇ ਪੱਤੇ॥

'ਕੁਲਤਾਰ' ਹਵਾ ਜੇ ਸ਼ਾਤਿਰ ਹੈ ਤਾਂ ਇਹ ਵੀ ਨਹੀਂ ਸਮਝਦੇ।
ਬਸ ਇੱਕ-ਦੂਜੇ ਸੰਗ ਹੀ ਇਹ ਤਾਂ ਖਹਿਣਗੇ ਪੱਤੇ॥

## ਪਰਦਾ

ਜੀਵਨ ਅੱਗੇ ਮੌਤ ਖੜ੍ਹੀ ਹੈ, ਸੂਖ਼ਮ ਜਿਹਾ ਇੱਕ ਪਰਦਾ।
ਉਹ ਵੀ ਨਹੀਂ ਜੀ, ਹੁਣ ਤਾਂ ਰਹਿ ਗਿਆ ਬਸ ਥੋੜਾ ਜਿਹਾ ਗਰਦਾ।

ਸੁੱਕ ਗਈਆਂ ਸੀ ਪੱਤੀਆਂ, ਫਿਰ ਤਾਂ ਇੱਕਦਮ ਝੜ ਹੀ ਗਈਆਂ,
ਔੜਾਂ ਮਾਰਿਆ ਫੁੱਲ ਬਾਰਿਸ਼ਾਂ ਵਿੱਚ ਕਿਵੇਂ ਨਾ ਮਰਦਾ।

ਬੈਠੇ - ਬੈਠੇ ਕੰਧਾਂ ਦੇ ਸੰਗ ਗੱਲਾਂ ਕਰਦੇ ਰਹੀਏ,
ਆਪੇ ਜਾ ਖੜਕਾ ਲਈਏ ਫਿਰ ਬੂਹਾ ਆਪਣੇ ਘਰ ਦਾ।

ਹਥਿਆਰ ਬਣਾ ਕੇ ਚੁੱਪ ਦਾ ਫਿਰ ਤਾਂ ਉਹ ਬੰਦੇ ਨੂੰ ਮਾਰੇ,
ਅਨਰਥ ਬਣਾ ਕੇ ਅਰਥਾਂ ਦੇ, ਜਦ ਉਹਦਾ ਨਹੀਂ ਸਰਦਾ।

ਬੜੀ ਆਲੋਚਨਾ ਅਪਣੀ ਕੀਤੀ ਉਹਨੂੰ ਜਾਣਨ ਦੇ ਲਈ,
ਥਹੁ ਕੋਈ ਲੱਗਾ ਨਾ, ਉਹਨੂੰ ਕਿੰਝ ਪਰਭਾਸ਼ਿਤ ਕਰਦਾ।

ਉਸਦੇ ਠੰਡੇ ਸ਼ਬਦਾਂ ਨੇ ਤਾਂ ਦਿਲ ਨੂੰ ਬਹੁ ਗਰਮਾਇਆ,
ਪਰ ਨਿੱਘੇ ਜਜ਼ਬਾਤਾਂ ਅੰਦਰ ਵੀ ਮੈਂ ਜਾਵਾਂ ਠਰਦਾ।

ਖ਼ੌਰੇ ਕਿਉਂ 'ਕੁਲਤਾਰ' ਨੂੰ ਚੰਗਾ ਲਗਦਾ ਤੱਕਦੇ ਰਹਿਣਾ,
ਵੱਡੀਆਂ ਛੱਲਾਂ ਕਾਰਣ ਥੋੜ੍ਹਾ - ਥੋੜ੍ਹਾ ਕੰਢਾ ਖ਼ਰਦਾ।

ਇਹ ਹਿਜ਼ਰਾਂ ਦਾ ਮਾਰੂਥਲ ਹੈ, ਕੰਧ ਵੀ ਨਹੀਂਓਂ ਏਥੇ,
ਕੋਈ ਪਤਾ ਕੀ ਕਰ ਲੂ'ਗਾ ਫਿਰ ਦੱਸੋ ਇਹਦੇ ਦਰ ਦਾ।

# ਪਰਹੇਜ਼

ਮੁੜ ਨਾ ਪਿਆਰ-ਬਿਮਾਰੀ ਲੱਗ'ਜੇ ਕਰਦੇ ਹਾਂ ਪਰਹੇਜ਼।
ਆਉਂਦੇ-ਜਾਂਦੇ ਹੱਥ ਕਿਸੇ ਦੇ ਨਫ਼ਰਤ ਥੋੜੀ ਭੇਜ॥

ਟਾਹਣੀ ਨਾਲ਼ੋਂ ਫੁੱਲਾਂ ਵਾਂਗੂੰ ਬੱਸ ਐਸਾ ਹਾਂ ਟੁੱਟੇ।
ਸਾਨੂੰ ਬਹੁਤ ਸੁਖਾਵੀਂ ਲਗਦੀ ਹੁਣ ਕੰਡਿਆਂ ਦੀ ਸੇਜ॥

ਆਪਾਂ ਕਦਰ ਕਰਦੇ ਹਾਂ ਤੇਰੀ 'ਬਲੇਮ-ਗੇਮ' ਦੀ ਪੂਰੀ।
ਹਿਸਾਬ ਏਸ ਦਾ ਰੱਖਦਿਆਂ ਭਰ 'ਤਾ ਜਿੰਦੜੀ ਦਾ ਪੇਜ਼॥

ਤੇਜ਼-ਗਤੀ ਦੇ ਯੁੱਗ 'ਚ ਮੰਨਿਆ ਬੜੀ ਤਰੱਕੀ ਹੋਈ।
ਕੋਈ ਚੀਜ਼ ਨਾ ਬਣੀ ਤੁਹਾਡੀ ਈਰਖਾ ਨਾਲ਼ੋਂ ਤੇਜ਼॥

ਨਾਮ ਖ਼ੁਦਾ ਦਾ ਬਹੁਤ ਜਪ ਲਿਆ ਹੁਣ ਸਾਨੂੰ ਉਹ ਸਾਂਭੇ।
ਚੱਲ 'ਕੁਲਤਾਰ' ਬਥੇਰਾ 'ਕੱਠਾ ਕਰ ਲਿਆ ਅਸੀਂ 'ਦਹੇਜ'॥

ਉਹ ਸਾਡੇ 'ਤੇ ਗੁੱਸਾ ਤਾਂ ਬਿਨ ਕਾਰਣ ਕਰ ਸਕਦੇ ਨੇ।
ਪਰ ਸਾਡਾ ਕੋਈ ਰਿਸ਼ਤਾ ਨਹੀਂ ਏ ਆਵੇ ਕਿਥੋਂ ਹੇਜ਼॥

## ਪਰਿਭਾਸ਼ਾ

ਟੁੱਟੇ ਵਿਸਵਾਸ਼ਾਂ, ਸਬਰਾਂ, ਸਾਹਾਂ, ਵੰਗਾਂ ਦੀ ਪਰਿਭਾਸ਼ਾ।
ਹਰ ਵਾਰੀ ਇੱਕੋ-ਜਿਹੀ ਹੁੰਦੀ ਜੰਗਾਂ ਦੀ ਪਰਿਭਾਸ਼ਾ॥

ਇਹ ਕਿਸ ਪੱਤਰਕਾਰ ਨੇ ਦੱਸੋ ਇਸ 'ਤੇ ਲੇਖ ਹੈ ਲਿਖਿਆ।
ਆਪੇ ਵਿੱਚ ਹੀ ਉਲਝੀ ਪਈ ਹੈ ਰੰਗਾਂ ਦੀ ਪਰਿਭਾਸ਼ਾ॥

ਅੱਜ-ਕੱਲ੍ਹ ਪੂਰੇ 'ਝੰਗ' ਵਿੱਚ ਚਰਚਾ ਤਖ਼ਤ-ਹਜ਼ਾਰੇ ਦੀ ਏ।
'ਹਜ਼ਾਰੇ' ਵਿੱਚ ਵਿਚਾਰ-ਅਧੀਨ ਏ ਝੰਗਾਂ ਦੀ ਪਰਿਭਾਸ਼ਾ॥

ਇੱਕੋ-ਜਿਹੀ ਹੋ ਕੇ ਵੀ ਇਹ ਹੈ ਵੱਖਰੇ ਅਰਥ ਦਿਖਾਉਂਦੀ।
ਹਰ ਵਾਰੀ, ਖੰਘੂਰਿਆਂ ਨਾਲ਼ੇ ਸੰਗਾਂ ਦੀ ਪਰਿਭਾਸ਼ਾ॥

ਜਦ ਤੇਰਾ ਚਿਹਰਾ 'ਕੁਲਤਾਰ' ਭਾਵ-ਹੀਣ ਹੋ ਜਾਵੇ।
ਕੋਈ ਹੀ ਹੈ ਜਾਣਦਾ ਸਥਿਰ ਅੰਗਾਂ ਦੀ ਪਰਿਭਾਸ਼ਾ॥

# ਪਤਵਾਰ

ਜੇ ਸੱਚਾ ਪਤਵਾਰ ਅਸਾਨੂੰ ਮਿਲ਼ ਜਾਂਦਾ।
ਦਿਲ ਦਾ ਬੇੜਾ ਇਸ਼ਕੇ ਦੇ ਵਿੱਚ ਠਿਲ ਜਾਂਦਾ॥

ਇਸ ਰੂਹ ਦੀ ਇਸ ਜੈਸੀ ਰੂਹ ਨਾ' ਸਾਂਝ ਬਣੇ।
ਜਿਉਂ ਪਾਣੀ ਸੰਗ ਪਾਣੀ ਹੈ ਰਲ਼-ਮਿਲ਼ ਜਾਂਦਾ॥

ਨੈਣ ਢੂੰਡਦੇ ਬੱਸ ਉਨ੍ਹਾਂ ਦੋ ਨੈਣਾਂ ਨੂੰ।
ਜਦ ਵੀ ਕਿੱਧਰੇ ਜਿਸ ਵੀ ਹਾਂ ਮਹਿਫ਼ਿਲ ਜਾਂਦਾ॥

ਕਈ ਵਾਰੀ ਕਰਨੇ ਸਮਝੌਤੇ ਪੈਂਦੇ ਨੇ।
ਤਦ ਇਹ ਦਿਲ; ਹੋ ਦਿਲ ਤੋਂ ਹੈ ਸਿੱਲ ਜਾਂਦਾ॥

ਸੌ-ਸੌ ਲਾਸ਼ਾਂ 'ਕੱਠੀਆਂ ਜਦ ਦਫ਼ਨਾਉਂਦੇ ਨੇ।
ਰੂਹ ਕੰਬ ਜਾਂਦੀ, ਕਰੜਾ ਦਿਲ ਵੀ ਹਿੱਲ ਜਾਂਦਾ॥

ਬੇਦੋਸ਼ੇ ਜਦ ਕਤਲ ਨੇ ਹੁੰਦੇ ਸੜਕਾਂ 'ਤੇ।
ਅੱਗ ਦਾ ਲਾਂਬੂ ਕਈ ਵਾਰੀ ਬਣ ਦਿਲ ਜਾਂਦਾ॥

ਝੁੱਗੀਆਂ ਵਿੱਚ ਮੁਸਕਾਉਂਦਾ ਬੱਚਾ ਲਗਦਾ ਹੈ।
ਜਿਉਂ ਪੱਥਰਾਂ ਵਿੱਚ ਫੁੱਲ ਹੈ ਛੋਟਾ ਖਿਲ ਜਾਂਦਾ॥

ਬਹੁਤੀ ਕੰਨੀਂ ਮਾਰੇਂਗਾ ਤਾਂ ਖਿੱਚ ਲਾਂ'ਗਾ।
ਮੈਂ ਤਾਂ ਬੱਸ ਐਵੇਂ ਹੀ ਦੇਈ ਢਿੱਲ ਜਾਂਦਾ॥

ਵੇਲ ਚੜ੍ਹੀ ਤਾਂ ਪੱਥਰੋਂ ਫੁੱਲ ਹੋ ਜਾਣਗੀਆਂ।
ਕੰਧਾਂ ਵਿੱਚ 'ਕੁਲਤਾਰ' ਹੈ ਗੱਡੀ ਕਿੱਲ ਜਾਂਦਾ॥

# ਰਾਤਾਂ

ਜਾਗਦਿਆਂ ਦੇ ਸੁਪਨੇ ਮਿੱਠੇ, ਕਰਨਾ ਕੀ ਏ ਰਾਤਾਂ ਨੂੰ।
ਵਿੱਚ ਖ਼ਿਆਲਾਂ ਮਿਲ਼ ਲੈਨੇਂ ਆਂ ਆਪਾਂ ਤਾਂ ਪਰੀ-ਜਾਤਾਂ ਨੂੰ॥

ਤੇਰਾ ਤਾਂ ਪ੍ਰਭਾਵ ਅਸਾਂ 'ਤੇ ਪੈਂਦਾ ਬੜਾ ਅਨੋਖਾ ਏ।
ਚਿਹਰਾ ਰੌਸ਼ਨ ਹੋ ਜਾਂਦਾ ਏ ਸੁਣ ਕੇ 'ਰੌਸ਼ਨ ਬਾਤਾਂ' ਨੂੰ॥

ਸਾਰੀ ਰੈਨਾ ਯਾਦ ਤੇਰੀ ਵਿੱਚ ਜਾਗਦਿਆਂ ਹੀ ਲੰਘ ਜਾਂਦੀ।
ਕਿੰਝ ਰਜਾਈਆਂ ਨਿੱਘ ਦੇ ਦੇਵਣ ਠਰੇ ਹੋਏ ਜਜ਼ਬਾਤਾਂ ਨੂੰ॥

ਚਾਂਦੀ ਵਰਗਾ ਰੂਪ ਹੈ ਤੇਰਾ, ਸੋਨੇ ਵਰਗਾ ਮਨ ਸੱਜਣਾਂ।
ਜੇ ਤੂੰ ਸਾਡੇ ਕੋਲ਼ ਨਹੀਂ ਤਾਂ ਕੀ ਭੱਠ ਪਾਉਣਾ ਧਾਤਾਂ ਨੂੰ॥

ਹਿਜ਼ਰਾਂ ਵਿੱਚੋਂ ਵਸਲ ਹੈ ਕੱਢਿਆ, ਰੋਜ਼-ਰੋਜ਼ ਦਾ ਫ਼ਾਹਾ ਵੱਢਿਆ।
ਸੋਚਾਂ ਦੇ ਵਿੱਚ ਸਾਥ ਹੈ ਸੱਜਣ ਤਰਸਦੇ ਨਹੀਂ ਮੁਲਾਕਾਤਾਂ ਨੂੰ॥

ਜੀਕਣ ਤੇਰੀ ਜਿੱਤ ਉੱਤੇ 'ਕੁਲਤਾਰ' ਸਦਾ ਖ਼ੁਸ਼ ਹੋਇਆ ਹੈ।
ਤੂੰ ਵੀ ਹੱਸ ਕੇ ਸਦਾ ਨਿਵਾਜ਼ਿਆ ਸਾਡੀਆਂ ਸਾਰੀਆਂ ਮਾਤਾਂ ਨੂੰ॥

## ਰਚਨਾਵਾਂ

ਹਉਕਿਆਂ ਵਿੱਚ ਵਲ੍ਹੇਟ ਕੇ ਰੱਖਿਆ ਹੋਇਆ ਮੈਂ ਤਾਂ ਚਾਵਾਂ ਨੂੰ।
ਜ਼ਿੰਦਗੀ ਨਾਲ਼ ਲੜਾਉਣਾ ਔਖਾ ਲੱਗ ਰਿਹਾ ਪਰ ਸਾਹਵਾਂ ਨੂੰ॥

ਪਲ-ਪਲ ਸਰਕਣ ਮੌਤ ਵੱਲ ਨੂੰ ਦੱਸੋ ਕਿੰਝ ਬਚਾਵਾਂ ਜੀ।
ਨਾ-ਮੁਰਾਦ ਜਿਹੀ ਕੋਈ ਬਿਮਾਰੀ ਲੱਗੀ ਹੈ ਰਚਨਾਵਾਂ ਨੂੰ॥

ਪਤਾ-ਠਿਕਾਣਾ ਹੈ ਨ੍ਹੀ ਕੋਈ ਸੁੱਖ-ਸੁਨੇਹਾ ਕੀ ਲੈ ਆਵਣ।
ਮੈਂ ਵੀ ਪਾ-ਪਾ ਹਾਰ ਗਿਆ ਹਾਂ ਕੁੱਟ-ਕੁੱਟ ਚੂਰੀ ਕਾਵਾਂ ਨੂੰ॥

ਦੁਨੀਆਂ ਸਾਹਵੇਂ ਜਾ ਸਕਦੇ ਹੋ ਹੱਸਦਾ ਚਿਹਰਾ ਲੈ ਕੇ ਤਾਂ।
ਹਾਵ-ਭਾਵ ਚਾਹੇ ਕੁਝ ਹੋਵਣ, ਸਾਰ ਹੋ ਜਾਂਦੀ ਮਾਵਾਂ ਨੂੰ॥

ਇੱਕ ਤਾਂ ਅਵਗੁਣ ਹਰ ਪਲ ਸਾਨੂੰ ਘੇਰਾ ਪਾਈ ਰੱਖਦੇ ਨੇ।
ਔਹ ਵੇਖ ਲਓ 'ਮੋਹ' ਆ ਗਿਆ ਲੈ ਕੇ ਨਾਲ਼ ਭਰਾਵਾਂ ਨੂੰ॥

ਸਾਡੀਆਂ ਯਾਦਾਂ ਨਾਲ਼ ਤੁਹਾਡੇ ਰਹਿਣੀਆਂ ਹਨ 'ਕੁਲਤਾਰ' ਸਦਾ।
ਇਹ ਤਾਂ ਨਾ-ਮੁਮਕਿਨ ਹੈ ਕਿੱਧਰੇ ਛੱਡ ਹੀ ਜਾਓਂ ਛਾਵਾਂ ਨੂੰ॥

ਨਾ ਕੋਈ ਜ਼ਿੰਦਗੀ ਦੇ ਵਿੱਚ ਆਵੇ, ਨਾ ਕੋਈ ਹਲਚਲ ਹੋਵੇ।
ਮਿਲ਼ਿਆ ਹੈ ਵਰਦਾਨ ਅਸਾਡੇ ਜਿਹੀਆਂ ਸੁੰਨੀਆਂ ਥਾਵਾਂ ਨੂੰ॥

ਆਪਣੇ ਇਕਲਾਪੇ ਦੇ ਅੰਦਰ ਖੋਹ ਜਾਵੋ 'ਬਜਰਾਵਰ' ਜੀ।
ਅੰਦਰ-ਅੰਦਰ ਤੱਕਦਾ ਰਹਿ, ਮਨ ਦੀਆਂ ਸੁੰਨੀਆਂ ਰਾਹਵਾਂ ਨੂੰ॥

# ਰੂਹਾਂ

ਮੈਂ ਉਹਨੂੰ ਸੀਨੇ ਨਾ' ਲਾਵਾਂ, ਉਹ ਮੈਨੂੰ ਸੀਨੇ ਨਾ' ਲਾਵੇ।
ਕਿ ਰੂਹਾਂ ਸਾਂਝੀਆਂ ਹੋਵਣ, ਦਿਲਾਂ ਨੂੰ ਚੈਨ ਆ ਜਾਵੇ॥

ਸਥਿਰਤਾ ਮਨ ਵਿੱਚ ਆ ਜਾਵੇ ਤੇ ਤਨ ਵਿੱਚ ਹੋ ਜਵੇ ਕੰਪਨ।
ਖਿੜ-ਖਿੜ ਪਾਣੀ ਹੱਸੇ ਦੇਖ ਕੇ ਤੇ ਪੌਣ ਮੁਸਕਾਵੇ॥

ਨੈਣ ਨੈਣਾਂ ਵਿੱਚ ਗੁਆਚ ਕੇ ਭੁੱਲ ਜਾਣ ਜੱਗ ਨੂੰ ਤਾਂ।
ਸੁੰਦਰ ਛਤਰ ਸਾਡੇ 'ਤੇ ਇਹ ਪੱਤਰ ਕਰ ਦੇਣ ਸਾਵੇ॥

ਨਾਲ਼ੇ ਲਿਖਣ ਨੂੰ ਕਹਿੰਦੀ ਏਂ, ਨਾਲ਼ੇ ਸ਼ਾਇਰ ਕਹਿੰਦੀ ਏਂ।
ਮੇਰੀ ਕਲਮ ਤਾਂ ਚਾਹੁੰਦੀ ਕਿ ਤੈਥੋਂ ਮਾਹੀ ਸਦਵਾਵੇ॥

ਗ਼ੁਨਾਹ ਤੂੰ ਖ਼ੂਬਸੂਰਤ ਕਰ ਲੈ ਵੇ 'ਕੁਲਤਾਰ' ਬੰਧਨ ਕਿਉਂ।
ਕਿ ਖ਼ੌਰੇ ਜਨਮ ਅਗਲੇ ਵਿੱਚ ਕਿਸ ਨੇ ਕਰਨੇ ਨੇ ਦਾਅਵੇ॥

ਕਿ ਝਰਨਾ ਕੋਈ ਪਹਾੜਾਂ ਤੋਂ ਜੀਕਣ ਡਿਗ ਰਿਹਾ ਹੁੰਦੈ।
ਮੈਂ ਚਾਹੁੰਨੈਂ ਨਜ਼ਮ ਏਦਾਂ ਦੀ ਵੀ ਮੈਥੋਂ ਕੋਈ ਲਿਖਵਾਵੇ॥

ਹੁਣ ਤਾਂ ਆਤਮਾ ਹੈ ਚਾਹੁੰਦੀ ਜਦ ਵੀ ਧਰਤ 'ਤੇ ਆਵਾਂ।
ਹਰ ਹਾਲ ਵਿੱਚ ਇਹ ਸਾਥੀ ਬਸ ਇੱਕ ਤੈਨੂੰ ਹੀ ਪਾਵੇ॥

# ਰੁਸਵਾਈ

ਸੱਜਣ ਦੀ ਰੁਸਵਾਈ ਸਾਡੇ ਸਿਰ ਬਣ ਗਈ।
ਜਿਹੜੀ ਗੱਲ ਦਾ ਡਰ ਸੀ ਓਹੀ ਫਿਰ ਬਣ ਗਈ॥

ਬੜੇ ਅਦਬ ਨਾ' ਪੈੜ ਦੀ ਮਿੱਟੀ ਚੁੱਕੀ ਸੀ।
'ਮਿੱਟੀ' ਫਿਰ ਉਹ ਹੱਥਾਂ ਵਿੱਚੋਂ ਕਿਰ ਬਣ ਗਈ॥

ਜਿਸ ਲੱਕੜ ਨੇ ਪੁਲ਼ ਸਾਡੇ ਲਈ ਬਣਨਾ ਸੀ।
ਰਾਹ ਦਾ ਰੋਕਾ ਪੇੜਾਂ ਵਾਂਗੂੰ ਗਿਰ ਬਣ ਗਈ॥

ਸੱਜਣ ਸਾਡੀ ਹਾਲਤ 'ਤੇ ਮੁਸਕਾਇਆ ਏ।
ਚਲੋ ਸ਼ੁਕਰ, ਖ਼ੁਸ਼ਫ਼ਹਿਮੀ ਥੋੜਾ ਚਿਰ ਬਣ ਗਈ॥

ਖ਼ਾਮੋਸ਼ ਅਸਾਂ ਨੂੰ ਕਿਸ ਅਹਿਸਾਸ ਨੇ ਕੀਤਾ ਏ।
ਹਾਲਤ ਕੈਸੀ ਆਪਣਿਆਂ ਵਿੱਚ ਘਿਰ ਬਣ ਗਈ॥

ਹੌਲ਼ੀ-ਹੌਲ਼ੀ ਮਾਂ ਇੱਕ ਦੋਸਤ ਬਣ ਗਈ ਸੀ।
ਨਾਰ ਪਰਾਈ ਅਉਣੇ 'ਤੇ ਉਹ ਧਿਰ ਬਣ ਗਈ॥

ਹਾਲ ਆਪਣਾ 'ਕੁਲਤਾਰ' ਕੁਝ ਦੱਸ ਸਕਦਾ ਨਹੀਂ।
ਹਾਲਤ ਓਹਦੀ ਏਨੀ ਹੁਣ ਅਸਥਿਰ ਬਣ ਗਈ॥

# ਸੱਚ

ਕਿਸੇ ਨੂੰ ਮੁੱਦਾ ਨੌਕਰੀ ਦਾ, ਕਿਸੇ ਨੂੰ ਬਸ ਦਿਹਾੜੀ ਦਾ।
ਕਈ ਵਿਹਲੇ ਮਨ ਬੈਠੇ ਰਹਿੰਦੇ ਲੈ ਕੇ ਮੁੱਦਾ ਦਾਹੜੀ ਦਾ॥

ਕੁਝ ਬਾਰਿਸ਼ਾਂ ਝਾੜ ਸੀ ਸੁੱਟੀ, ਰਹਿੰਦੀ ਝਾੜੀ ਆੜ੍ਹਤੀਆਂ।
ਮਿਹਨਤ ਨੂੰ ਤਾਂ ਕੌਡਾਂ ਮਿਲ਼ੀਆਂ, ਮੁੱਲ ਪਿਆ ਨਾ ਹਾੜ੍ਹੀ ਦਾ॥

ਹਰ ਥਾਂ ਲੜਦੈ ਰਹਿੰਨੈਂ; ਚੰਗਾ, ਸੱਚ ਲਈ ਲੜਨਾ ਚਾਹੀਦੈ।
ਚੱਲ ਮਨਾ ਹੱਲ ਕਰਨਾ ਪੈਣਾ ਮਸਲਾ ਇਹ ਵੀ ਆੜੀ ਦਾ॥

ਸੱਚ 'ਤੇ ਪਹਿਰਾ ਦੇਣਾ ਔਖਾ, ਪਰ ਮੈਂ ਖੜ੍ਹਨਾ, ਲੜਨਾ, ਮਰਨਾ।
ਮੈਨੂੰ ਥੋਡਾ ਸਾਥ ਚਾਹੀਦੈ, ਮੈਂ ਨਹੀਂ ਭੁੱਖਾ ਤਾੜੀ ਦਾ॥

'ਕੁਲਤਾਰ' ਜੂਝਦਾ ਰਹੂ ਹਮੇਸ਼ਾਂ ਯਾਰੋ ਨਾਲ਼ ਜ਼ਮਾਨੇ ਦੇ।
ਇਹ ਗੱਲ ਵੱਖਰੀ ਕਰ ਨਹੀਂ ਸਕਦਾ ਕੁਝ ਵੀ ਕਿਸਮਤ ਮਾੜੀ ਦਾ॥

# ਸ਼ਖ਼ਸ਼ੀਅਤ

ਸ਼ਹਿਦ-ਗੁਲਕੰਦ ਹੁੰਦਾ ਵਸਲਾਂ ਦੇ ਚਾਵਾਂ ਵਿੱਚ।
ਬੜਾ ਹੁੰਦਾ ਨਿੱਘ ਗਲਵੱਕੜੀ ਦੇ ਸਾਹਵਾਂ ਵਿੱਚ॥

ਸਖ਼ਤ-ਮਿਜ਼ਾਜੀ ਹੁੰਦੀ ਬੰਦ ਦਰਵਾਜ਼ਿਆਂ 'ਚ।
ਬੜੀ ਹੁੰਦੀ ਉਲਝਣ ਭਟਕੀਆਂ ਰਾਹਵਾਂ ਵਿੱਚ॥

ਖਿੰਡੇ ਹੋਏ ਬੱਦਲਾਂ 'ਚ ਅਕਸ ਹਜ਼ਾਰ ਹੁੰਦੇ।
ਅਕਸ ਹਜ਼ਾਰ ਹੁੰਦੇ ਖਿੰਡਵੀਆਂ ਛਾਵਾਂ ਵਿੱਚ॥

ਚਾਨਣ-ਮੁਨਾਰਾ ਬਣ ਦੁਨੀਆਂ ਨੂੰ ਟੁੰਬਦੇ ਜੋ।
ਸੋਮਾ ਹੁੰਦਾ ਨੂਰ ਦਾ ਤਾਂ ਜਤੀ-ਸਤੀ ਮਾਵਾਂ ਵਿੱਚ॥

ਵੱਖਰਾ ਜਲੌਅ ਹੁੰਦਾ ਨਾਲ਼ੇ ਸ਼ਖ਼ਸ਼ੀਅਤ ਵੀ:
ਵੱਖਰੀ ਹੀ ਹੁੰਦੀ ਦਰਵੇਸ਼ਾਂ ਦੀਆਂ ਥਾਵਾਂ ਵਿੱਚ॥

ਯਾਰ ਆਪਣੇ ਦੇ ਦਿਲ ਵਿੱਚ ਥਾਂ ਪਾ ਲਵਾਂ।
ਫਿਰ ਯਾਰ ਆਪਣਾ ਮੈਂ ਬੈਠ ਕੇ ਧਿਆਵਾਂ ਵਿੱਚ॥

ਸ਼ੰਖ਼ ਮੈਂ ਵਜਾਵਾਂ ਕਦੇ, ਉੱਚੀ ਹੇਕਾਂ ਲਾਵਾਂ ਕਦੇ।
ਨਾਲ਼ੇ ਖੜਤਾਲਾਂ ਕਦੇ-ਕਦੇ ਖੜਕਾਵਾਂ ਵਿੱਚ॥

'ਮੈਂ ਹੀ ਬਸ, ਮੈਂ ਹੀ ਬਸ', ਏਨਾ ਸ਼ੋਰ ਮਚਿਆ।
ਹਾਇ 'ਕੁਲਤਾਰ' ਦੁੱਖ ਕਿਸਨੂੰ ਸੁਣਾਵਾਂ ਵਿੱਚ॥

ਭੀੜ ਵਿੱਚੋਂ ਪਿਆਰ ਨਾਲ਼ ਦੇਖੇ ਕੋਈ; ਆਖਦੇ ਹਾਂ।
ਬੰਦਾ 'ਬਜਰੌਰ' ਦਾ ਵੀ ਹੈ ਟਾਵਾਂ-ਟਾਵਾਂ ਵਿੱਚ॥

ਨੈਣਾਂ ਦਾ ਦੁਆਰ ਖੁੱਲ੍ਹੇ, ਆਖ਼ਰੀ ਹੀ ਵਾਰ ਖੁੱਲ੍ਹੇ।
ਬਸ ਏਸ ਵਾਰੀ ਮੈਂ ਤਾਂ ਗ਼ਰਕ ਹੀ ਜਾਵਾਂ ਵਿੱਚ॥

# ਸੱਲ

ਕਿਸ ਨੂੰ ਦਿਖਾਉਣਾ ਤੇ ਛੁਪਾਉਣਾ ਕਿਹੜੀ ਗੱਲ ਨੂੰ।
ਕਿੰਝ ਪੇਸ਼ ਕਰੀ ਦਾ ਜੀ ਸੀਨੇ ਵਾਲ਼ੇ ਸੱਲ ਨੂੰ॥

ਨਵਾਂ ਦਸਤੂਰ ਅੱਜ ਦੇਖਿਆ ਮੁਹੱਬਤਾਂ ਦਾ।
ਓਹਦੇ ਵਲੋਂ ਆਉਂਦੀ ਹਵਾ ਖਿੱਚੇ ਓਹਦੇ ਵੱਲ ਨੂੰ।

ਅਸੀਂ ਵੀ ਹਾਂ ਖ਼ਫ਼ਾ ਥੋੜੇ, ਗੁੱਸਾ ਥੋੜਾ ਉਹਨੂੰ ਵੀ।
ਇੱਕ-ਦੂਸਰੇ ਨੂੰ ਜੀ ਮਨਾਵਾਂਗੇ ਫੇ' ਕੱਲ੍ਹ ਨੂੰ॥

ਤਾਜ਼ਗੀ-ਰਵਾਨੀ ਥੋੜੀ ਸਾਨੂੰ ਵੀ ਜੇ ਦੇ ਦਵੇ।
ਪੁੱਛੋ ਕੰਨ ਵਿੱਚ ਜ਼ਰਾ ਨਦੀਆ ਦੇ ਜਲ ਨੂੰ॥

ਛਲ਼ ਵਿੱਚ ਆ ਕੇ ਛਾਲ਼ ਮਾਰ ਕੇ ਹਾਂ ਛਲ਼ ਹੋਏ।
ਸਮਝੀਂ ਨਾ; ਸਮਝੇ ਨ੍ਹੀ ਅਸੀਂ ਤੇਰੇ ਛਲ਼ ਨੂੰ॥

ਚੰਨ ਵੱਲ ਤੱਕ ਤੇਰੀ ਸੂਰਤ ਉਭਾਰ ਦਿੱਤੀ।
ਕੈਨਵਸ ਹਵਾ ਨੇ ਬਣਾਇਆ ਹੋਇਆ ਥਲ ਨੂੰ॥

ਜਦ 'ਕੁਲਤਾਰ' ਨੂੰ ਤੂੰ ਪਿਆਰ ਨਾਲ਼ ਤੱਕਿਆ ਸੀ।
ਮਾਣ ਨਾਲ਼ ਸੀਨੇ 'ਤੇ ਸਜਾਇਆ ਓਸ ਪਲ ਨੂੰ॥

# ਸਮਰਪਿਤ

ਮੈਂ ਤਾਂ ਇਸ ਗ਼ਮ ਦੇ ਸਾਗ਼ਰ ਨੂੰ ਇੱਕੋ ਸਾਹ ਵਿੱਚ ਡੀਕ ਲਵਾਂ।
ਫਿਰ ਸੋਚਾਂ ਕਿ ਤੈਨੂੰ ਹਾਲੇ ਦੋ ਕੁ ਪਲ ਉਡੀਕ ਲਵਾਂ॥

ਕੰਬਦੇ ਪਾਣੀ ਵਿੱਚ ਪਰਛਾਈ ਚੰਨ ਦੀ ਬਹੁ ਹੀ ਕੰਬਦੀ ਏ।
ਬੜੇ ਚਿਰਾਂ ਤੋਂ ਕੋਸ਼ਿਸ਼ ਕਰਦਾਂ ਇਸਨੂੰ ਹੀ ਕਰ ਠੀਕ ਲਵਾਂ॥

ਪਥਰਾਈਆਂ-ਪਥਰਾਈਆਂ ਮੇਰੀਆਂ ਅੱਖੀਆਂ ਕਿਉਂ ਹਰ ਵੇਲੇ ਨੇ।
ਤੈਨੂੰ ਆਪਣਾ ਦਰਦ ਦਿਖਾਵਾਂ ਕਿੱਥੋਂ ਇਹ ਤੌਫ਼ੀਕ ਲਵਾਂ॥

ਮੇਰੇ ਗ਼ਮ ਦੇ ਸਾਗ਼ਰ ਉੱਤੇ ਅੱਖ ਬੁਰੀ ਨਾ ਰੱਖੀਂ ਤੂੰ।
ਚਲ ਮੈਂ ਏਸ ਦੁਆਲ਼ੇ ਕੋਈ ਵਾਹ ਇੱਕ ਪੱਕੀ ਲੀਕ ਲਵਾਂ॥

'ਖ਼ੁਦੀ' ਸਮਰਪਿਤ ਕਰਕੇ ਤੈਨੂੰ, ਸੁੱਕੇ ਪੱਤੇ 'ਤੇ ਲਿਖਵਾ'ਲਾਂ।
ਫਿਰ ਸਾਗ਼ਰ ਦੇ ਪਾਣੀ ਨਾ', ਤੈਥੋਂ ਮੈਂ ਤਸਦੀਕ ਲਵਾਂ॥

ਜੇਕਰ ਇਹ ਠੱਗ ਬੱਦਲ਼ ਹੀ ਮੇਰੀ ਅਰਜ਼ ਕਬੂਲ ਕਰਨ।
ਕਰ ਰਾਬਿਤਾ ਪੈਦਾ ਏਦਾਂ ਐਥੋਂ ਤੇਰੇ ਤੀਕ ਲਵਾਂ॥

ਮੈਂ ਸਵਾਲ ਇਹ 'ਵਸਲਾਂ' ਦਾ ਪੁੱਛੀ ਜਾਵਾਂ ਛੱਲਾਂ ਤੋਂ।
ਕਦੀਂ ਕਿਤੇ ਅੰਕਿਤ ਨਾ ਹੋਈ ਕਿੱਥੋਂ ਦੱਸ ਤਰੀਕ ਲਵਾਂ॥

ਚੁੱਪ ਮੇਰੀ ਤੋਂ ਤੰਗ ਆ ਕੇ ਹਵਾ ਫ਼ੈਸਲਾ ਕੀਤਾ ਏ।
ਜੰਗਲ਼ ਵਿੱਚ ਜਾ ਕੇ 'ਕੁਲਤਾਰ', ਮੈਂ ਹੀ ਕਿੱਧਰੇ ਚੀਕ ਲਵਾਂ॥

## ਸੰਜਮੀ

ਰੋਕਾਂ, ਘਾਟਾਂ, ਦੁੱਖ ਮੁਸਲਸਲ ਹੁੰਦੇ ਮੈਨੂੰ ਰੂ-ਬ-ਰੂ।
ਖ਼ੌਰੇ ਏਹਨਾਂ ਬੰਧਨਾਂ ਤੋਂ ਹੋਣਾ ਕਦ ਮੈਂ ਸੁਰਖ਼ਰੂ॥

ਸੱਧਰਾਂ, ਚਾਅ, ਖ਼ਾਬ ਤੇ ਖ਼ੁਸ਼ੀਆਂ ਵਿੱਚ ਦੀਵਾਰਾਂ ਡੱਕੇ।
ਜੁਦਾ-ਜੁਦਾ ਕਿੰਨਾ ਜੀਵਾਂਗੇ, ਇੰਝ ਆਪਣਾ ਕੀਕਣ ਸਰੂ॥

ਹੋਰ ਵੀ ਕਾਰਣ ਹੋਣਗੇ, ਬਹੁਤਾ ਕਿਸਮਤ ਵੱਸ ਹੈ।
ਬਹੁਤਾ ਸ਼ਾਤਿਰ, ਬਹੁਤਾ ਸੰਜਮੀ ਇਸ਼ਕ ਵਿੱਚ ਪੱਕਾ ਹਰੂ॥

ਇਸ਼ਕ ਅੰਬਰੀਂ ਚੜ੍ਹ ਗਿਆ, ਮਜ਼ਬੂਰੀ ਧਰਤੀ ਡਿੱਗੀ।
ਮੁੱਠੀ ਵਿੱਚ ਹੈ ਘੁੱਟੀ ਹੋਈ 'ਵਾ ਦੇ ਵਰਗੀ ਆਬਰੂ॥

ਤੇਰੀਆਂ ਨਜ਼ਮਾਂ ਵਿੱਚ 'ਕੁਲਤਾਰ' ਤਾਹੀਓਂ ਦਮ-ਖ਼ਮ ਹੈ ਨ੍ਹੀ।
ਬਹੁਤੇ ਝੇੜਿਆਂ ਥੱਲੇ ਦੱਬਿਆ, ਸ਼ਾਇਰੀ ਵੀ ਕੀ ਕਰੂ॥

## ਸ਼ਾਹਾਨਾ

ਅਜਬ ਜਿਹਾ ਕੋਈ ਹੋਰ ਜ਼ਮਾਨਾ ਆਇਆ ਹੈ।
ਸਾਡੇ ਘਰ ਵਿੱਚ ਕੌਣ ਬੇਗ਼ਾਨਾ ਆਇਆ ਹੈ॥

ਇਸਨੂੰ ਢੱਕਿਆ ਹੀਰੇ, ਸੋਨੇ, ਰੇਸ਼ਮ ਨੇ।
ਪੱਥਰ ਦਾ ਕੋਈ ਬੁੱਤ ਸ਼ਾਹਾਨਾ ਆਇਆ ਹੈ॥

ਕੰਡਿਆਂ ਦੇ ਸੰਗ 'ਨਫ਼ਰਤ' ਲਿਖਿਆ ਹੋਇਆ ਹੈ।
ਸੁਬਹਾ ਮੈਨੂੰ ਜੋ ਨਜ਼ਰਾਨਾ ਆਇਆ ਹੈ॥

ਨੰਗੇ ਪੈਰੀਂ ਭੱਜਿਆ ਸਾਂ ਪੈਮਾਨੇ ਲਈ।
ਪੈਰਾਂ ਥੱਲੇ ਸੌ ਪੈਮਾਨਾ ਆਇਆ ਹੈ॥

'ਵਾਜ ਸੁਣੀਵੇ ਇਸ ਵਿੱਚ ਟੈਂਕਾਂ-ਤੋਪਾਂ ਦੀ।
'ਵਾ ਵਿੱਚ ਘੁਲ਼ ਕੇ ਇੱਕ ਤਰਾਨਾ ਆਇਆ ਹੈ॥

ਚੱਲ 'ਕੁਲਤਾਰ' ਗੱਲ ਸੁਣਾ ਕੋਈ ਨਾਨਕ ਦੀ।
ਕਹਿ ਸਕੀਏ ਕਿ "ਜੀ ਮਰਦਾਨਾ ਆਇਆ ਹੈ"॥

## ਸਿਰਨਾਵਾਂ

ਧਰਤੀ ਅੰਬਰ ਵਰਗੀ ਹੋਈ, ਚੱਲਣ ਮਸਤ ਹਵਾਵਾਂ।
ਪਹਿਲਾਂ ਨਾਲ਼ੋਂ ਸੋਹਣੀਆਂ ਲੱਗਣ, ਪਹਿਲਾਂ ਵਾਲ਼ੀਆਂ ਥਾਵਾਂ॥

'ਕੱਲਿਆਂ ਬਸ ਕਬੂਤਰਾਂ ਕੋਲ਼ੋਂ ਗੱਲਾਂ ਕਹਿ ਨਾ ਹੋਈਆਂ।
ਵਾਰੋ-ਵਾਰ ਸੁਨੇਹੇ ਦਿੱਤੇ, ਘੁੱਗੀਆਂ, ਚਿੜੀਆਂ, ਕਾਵਾਂ॥

ਇਹ ਬਸ ਮੈਨੂੰ ਹੀ ਦਿਸਦਾ ਹੈ, ਮੇਰੀ ਸ਼ਾਨ ਹੈ ਏਹੋ।
ਮੇਰੇ ਗਲ਼ ਵਿੱਚ ਹਾਰ ਹੈ ਜਿਹੜਾ ਪਾਇਆ ਉਸਦੀਆਂ ਬਾਹਵਾਂ॥

ਹਰ ਸ਼ੈਅ ਮੈਨੂੰ 'ਪਿਆਰ' ਹੈ ਦਿਸਦੀ, ਚਸ਼ਮਾ ਢੁੱਟਿਆ ਐਸਾ।
ਮੈਂ ਜਿਹੜਾ ਵੀ ਨਗ਼ਮਾ ਗਾਵਾਂ, ਕੀਲੀਆਂ ਜਾਵਣ ਗਾਵਾਂ॥

ਰੈਣ-ਦਿਵਸ ਦਾ ਪਤਾ ਨਾ ਲੱਗੇ, ਮੈਂ ਗ਼ਰਦਿਸ਼ ਵਿੱਚ ਰਹਿੰਦਾ।
ਹਰ ਵੇਲੇ ਖ਼ੁਸ਼ਬੋਈਆਂ ਵੰਡਣ ਫੁੱਲਾਂ ਲੱਦੀਆਂ ਰਾਹਵਾਂ॥

ਜੇ ਕਿੱਧਰੇ ਉਹ ਸੁਣ ਲਏ ਮੇਰੀ, ਮਨ ਦਾ ਭਾਰ ਮੈਂ ਲਾਹਵਾਂ।
ਤੇਰੀਆਂ ਮਹਿਕਾਂ ਦੇਵਣ ਹੁਣ ਤਾਂ ਮੈਨੂੰ ਮੇਰੀਆਂ ਸਾਹਵਾਂ॥

ਮੈਂ ਜਿੱਧਰ ਵੀ ਜਾਵਾਂ ਲੋਕੀਂ ਦਿੰਦੇ ਨੇ ਮੁਸਕਾਨਾਂ।
ਟਿਚਕਰ ਵੀ ਪਰ ਕਰ ਜਾਂਦਾ ਹੈ ਬੰਦਾ ਟਾਵਾਂ-ਟਾਵਾਂ॥

ਏਧਰ-ਓਧਰ ਨਾ ਇਹ ਚੰਦਰਾ ਐਵੇਂ ਭਟਕੀ ਜਾਵੇ।
ਮੈਂ ਤਾਂ ਮਨ ਆਪਣੇ ਨੂੰ ਤੇਰੇ ਪਿਆਰ ਦਾ ਚੋਗਾ ਪਾਵਾਂ॥

ਪੱਤਿਆਂ ਦੀ ਖੜ-ਖੜ ਸੰਗ ਹੀ ਦੋ-ਤਿੰਨ ਗੱਲਾਂ ਕਰ ਲਈਏ।
ਚੱਲ 'ਕੁਲਤਾਰ' ਮੈਂ ਮੰਜਾ ਚੁੱਕ ਕੇ ਡੇਕਾਂ ਥੱਲੇ ਡਾਹਵਾਂ॥

ਬਣ'ਜਾਂ ਤਾਰਾ ਅੰਬਰਾਂ ਦਾ, ਜਾਂ ਪਾਕ ਇਸ਼ਕ ਦੀ ਗਾਥਾ।
ਰਲ਼ ਕੇ ਦਿਓ ਦੁਆਵਾਂ ਮੈਨੂੰ ਕੁੱਲ ਦੁਨੀਆਂ ਦੀਆਂ ਮਾਵਾਂ॥

ਸੱਤ ਦਰਵਾਜੇ, ਖਿੜਕੀਆਂ ਚੌਵੀ ਦਿਲ ਮੇਰੇ ਨੂੰ ਲੱਗੇ।
ਤੇਰਾ ਨਿਰਾ ਬਹਾਨਾ ਹੈ ਬਸ, ਕਿਸ ਰਸਤੇ ਮੈਂ ਆਵਾਂ॥

ਮੇਰੀ ਦਿੱਤੀ ਪੁਸਤਕ ਉਸਨੇ ਜਾ ਅਲਮਾਰੀ ਰੱਖੀ।
ਸਫ਼ਾ ਪਤੱਤਰ ਉੱਤੇ ਅਪਣਾ ਲਿਖਿਆ ਸੀ ਸਿਰਨਾਵਾਂ॥

ਇੱਕ ਪਾਸੜ ਇਹ ਪਿਆਰ ਸੀ ਸ਼ਾਇਦ, ਤਾਂ ਹੀ ਜਾਨ ਦੁਖੀ ਏ।
ਮੈਂ ਤਾਂ ਬੇਕਦਰੇ ਨੂੰ ਕੋਮਲ ਦਿਲ ਦੇ ਕੇ ਪਛਤਾਵਾਂ॥

# ਸੂਲੀ

ਹਾਲੇ ਤਾਂ ਮੈਂ ਇਸ਼ਕੇ ਨੂੰ ਸੀ ਰੰਗਣਾ।
ਡੁੱਲ੍ਹ ਗਿਆ ਜੋ ਰੰਗ; ਬੜਾ ਸੀ ਸੰਘਣਾ॥

ਤੂੰ ਤਾਂ ਨਜ਼ਰ ਨਾ ਆਵੇਂ ਸਾਨੂੰ ਦੂਰ ਤੱਕ।
ਪਰ ਕੰਨਾਂ ਵਿੱਚ ਛਣਕੇ ਤੇਰਾ ਕੰਗਣਾ॥

ਆਪਾਂ ਮੰਤਰ ਪੜ੍ਹਨੇ ਤੇਰੀਆਂ ਯਾਦਾਂ ਦੇ।
ਜਦ ਹਿਜ਼ਰਾਂ ਦੀਆਂ ਰਾਤਾਂ ਸਾਨੂੰ ਡੰਗਣਾ॥

ਤੇਰੇ ਆਪਣਿਆਂ ਤੋਂ ਲੈ ਕੇ ਅੱਲ੍ਹਾ ਤੱਕ।
ਮਿਲਣਾ ਨਹੀਂ ਤੂੰ; ਪਰ ਆਪਾਂ ਹੈ ਮੰਗਣਾ॥

ਸਾਹਾਂ ਬਾਰੇ ਆਪਾਂ ਨਹੀਂ ਹੈ ਸੋਚਿਆ।
ਬਸ 'ਕੁਲਤਾਰ' ਰੂਹ ਨੂੰ ਸੂਲੀ ਟੰਗਣਾ॥

# ਸਰਾਫ਼

ਤਸੱਵੁਰ ਮੇਰਾ ਜ਼ਿਹਨ ਉਹਦੇ 'ਚੋਂ ਉਡ਼ ਗਿਆ ਬਣ ਕੇ ਭਾਫ਼।
ਹੁਣ ਖ਼ੌਰੇ ਕਿਉਂ ਆਖੇ 'ਖ਼ੁਦ ਨੂੰ ਕਰ ਨਹੀਂ ਸਕਦਾ ਮਾਫ਼'॥

ਨਾਲ਼ੇ ਤਾਂ ਉਹ ਜਾਲ਼ ਬਣਾਈ ਜਾਵੇ ਸੱਜਣ ਸਾਡੇ ਲਈ।
ਕਰੀ ਜਾਂਵਦਾ ਮੁੜ-ਮੁੜ ਨਾਲ਼ੇ ਅੱਖਾਂ ਵੀ ਉਹ ਸਾਫ਼॥

ਜਿੰਨੀ ਵਾਰੀ ਦੇਖੀ ਜਾਹ ਚਾਹੇ ਝੋਲ਼ੀ ਦਿਆਂ ਮੋਤੀਆਂ ਨੂੰ।
ਇੱਕ ਗੱਲ ਤਾਂ ਪੱਕੀ ਹੈ ਕਿ ਤੂੰ ਚੰਗਾ ਨਹੀਂ ਸਰਾਫ਼॥

ਇਸ ਸ਼ਾਇਰ ਨੂੰ ਭੱਜ-ਭੱਜ ਜੋ ਗਲਵੱਕੜੀ ਪਾਉਂਦੀਆਂ ਸੀ।
ਓਹੀਓ ਬਾਹਵਾਂ ਉੱਠੀਆਂ ਨੇ ਅੱਜ ਇਸਦੇ ਹੀ ਖ਼ਿਲਾਫ਼॥

ਹੁਣ ਕੋਈ ਤੇਰਾ ਜ਼ਿਕਰ ਕਰੇ ਤਾਂ ਉਸਨੂੰ ਸੋਚਣਾ ਪੈਂਦਾ ਏ।
'ਕੁਲਤਾਰ' ਮੁਹੱਬਤ ਤੇਰੀ ਦਾ ਘਟ ਰਿਹਾ ਕਿੰਝ ਗ਼ਰਾਫ਼॥

## ਸੁਆਸ

ਸਾਡੇ ਨਾ' ਇੰਝ ਹੋਵੇਗੀ, ਇਹ ਆਸ ਨਹੀਂ ਸੀ॥
ਉਂਝ ਵੀ ਏਨੀ ਹਿੰਮਤ ਸਾਡੇ ਪਾਸ ਨਹੀਂ ਸੀ॥

ਜੀਅ ਚਾਹੁੰਦਾ ਸੀ ਢਿੱਡ ਭਰ ਕੇ ਗੱਲਾਂ ਕਰਨਾ।
ਬੋਲਿਆ ਕਿਉਂ ਨਾ, ਸਾਡਾ ਤਾਂ ਉਪਵਾਸ ਨਹੀਂ ਸੀ॥

'ਵਾ ਵਿੱਚ ਘੁਲ਼ ਕੇ ਹਰ ਪਲ ਤੇਰੇ ਸਾਥ ਰਹੇ।
ਤੂੰ ਮਹਿਸੂਸ ਨਾ ਕੀਤਾ, ਮੈਂ ਕੁਝ ਖ਼ਾਸ ਨਹੀਂ ਸੀ॥

ਰਾਸ ਨਾ ਆਏ ਸਾਡੇ ਉਹਨੂੰ ਤਰਲੇ ਤੇ,
ਚੁੱਪ 'ਕੁਲਤਾਰ' ਦੀ ਆਈ ਸਾਨੂੰ ਰਾਸ ਨਹੀਂ ਸੀ॥

ਨਾਮ-ਧਿਆਨ ਦਾ ਕਵਚ ਤਾਂ ਰੂਹਾਂ ਉੱਤੇ ਸੀ।
ਚਾਹੇ ਫ਼ੱਕਰਾਂ ਦੇ ਪਿੰਜਰ 'ਤੇ ਮਾਸ ਨਹੀਂ ਸੀ॥

# ਤਾਲ

ਹੱਥ ਨਾਲ਼ ਕਰੇ ਇਸ਼ਾਰਾ ਸਾਨੂੰ ਟਾਲ ਦਵੇ।
ਗੈਰਾਂ ਦੇ ਤਾਂ ਗੀਤਾਂ ਉੱਤੇ ਤਾਲ ਦਵੇ॥

ਜੇ ਆਖੇਂ; 'ਕੁਲਤਾਰ' ਸਿਤਾਰੇ ਲੈ ਆਵੇ।
ਜੇ ਆਖੇਂ ਤਾਂ ਸਾਗਰ ਵੀ ਖ਼ੰਗਾਲ ਦਵੇ॥

ਇਸ ਵਾਰੀ ਓਹ ਪੱਕਾ ਤੇਰਾ ਹੋ ਜੂ'ਗਾ।
ਕਿਸਮਤ ਸਾਨੂੰ ਲਾਰਾ ਇਹ ਹਰ ਸਾਲ ਦਵੇ॥

ਜਿਹਨੂੰ ਬੰਨ੍ਹ ਕੇ ਬਾਂਹ 'ਤੇ ਉਸ ਤੋਂ 'ਹਾਂ' ਸੁਣੀਏ।
ਕੋਈ ਤਵੀਤ ਅਜੇਹਾ ਸਾਨੂੰ ਭਾਲ਼ ਦਵੇ॥

ਕਦੇ ਕਿਸੇ ਦੇ ਜ਼ੜਾ ਅਗਰ ਹੱਥ ਆ ਜਾਵੇ।
ਉਹ ਸ਼ਮਸ਼ਾਨ ਲਿਜਾ ਕੇ ਉਸਨੂੰ ਜਾਲ਼ ਦਵੇ॥

ਮੰਨਿਆ ਸਾਨੂੰ ਦੇਣਾ ਨਹੀਂ ਉਸ ਪਿਆਰ ਕਦੇ।
ਪਰ ਮਿੰਨਤ ਹੈ ਲਾਰਾ ਤਾਂ ਹਰ ਹਾਲ ਦਵੇ॥

ਦਈਏ ਡੋਲ੍ਹ ਇੱਕ ਹੰਝੂ ਉਸਦੇ ਕਦਮਾਂ 'ਤੇ।
ਥੋੜਾ ਵਕਤ ਅਸਾਂ ਨੂੰ ਜੇਕਰ ਕਾਲ ਦਵੇ॥

ਲਾਲ ਲਹੂ ਨਾ' ਇਸ਼ਕ ਕਹਾਣੀ ਲਿਖ ਦੇਵਾਂ।
ਬਸ ਇੱਕ ਵਾਰੀ ਉਹ ਸਾਨੂੰ ਫੁੱਲ ਲਾਲ ਦਵੇ॥

# ਤਪਿਸ਼

ਟੁੱਟੇ ਕੁੱਜੇ ਜਿਹੇ ਸ਼ਬਦਾਂ ਸੰਗ ਕਿੰਝ ਉਸਨੂੰ ਮੈਂ ਕੀਲਾਂ।
ਸਾਹਾਂ ਸੰਗ ਸਾਹ ਲੈਂਦੇ ਸੀ ਹੁਣ ਦੂਰੀ ਪੈ ਗਈ ਮੀਲਾਂ॥

ਜਿਊਂਦਿਆਂ ਹੋਇਆਂ ਮੋਇਆ ਬਣ ਕੇ ਭਟਕਿਆ ਰੂਹਾਂ ਵਾਂਗੂੰ।
ਤੂੰ ਨਾ ਮਿਲ਼ਿਆ ਬਹੁ ਮੈਂ ਗਾਹੇ ਜੰਗਲ਼, ਪਰਬਤ, ਝੀਲਾਂ॥

'ਤਪਿਸ਼-ਬਿਰਹੜਾ' ਤੋਂ ਬਚਣ ਲਈ ਕੁੱਲੀ ਤਾਂ ਬਣਾ 'ਲੀ।
ਜਾਲ਼ ਨਾ ਦੇਵਣ 'ਕੱਠੀਆਂ ਕੀਤੀਆਂ ਇਹ ਯਾਦਾਂ ਦੀਆਂ ਤੀਲਾਂ॥

ਦੁੱਖ ਆਖਣੇ ਨੂੰ 'ਕੁਲਤਾਰ' ਏਧਰ-ਓਧਰ ਭੱਜੇ।
ਬੇ-ਆਬਾਦ, ਸੁੰਨਸਾਨ ਦਿਸਦੀਆਂ ਹਿਜ਼ਰ ਦੀਆਂ ਤਹਿਸੀਲਾਂ॥

ਖ਼ਬਰ ਅਸਾਡੇ ਮਰਨ ਦੀ ਖ਼ੌਰੇ ਕੁਦਰਤ ਨੇ ਉਡਾਈ।
ਨਹੀਂ ਤਾਂ ਦੱਸੋ ਕਿਉਂ ਮੰਡਰਾਉਂਦੀਆਂ ਗ਼ਿਰਦ ਅਸਾਂ ਦੇ ਚੀਲਾਂ॥

# ਉਡੀਕ

ਕਾਹਤੋਂ ਕਾਹਲ਼ ਮਚਾਈ ਏ ਤੂੰ ਤੈਨੂੰ ਕੌਣ ਉਡੀਕ ਰਿਹਾ।
ਬਹਿ ਜਾ ਦੋ ਪਲ ਬਿਰਖ਼ਾਂ ਕੋਲ਼ੇ ਧਰਤੀ ਮੈਨੂੰ ਚੀਕ ਕਿਹਾ॥

ਐਵੇਂ 'ਵਾ ਵਿੱਚ ਭਟਕ ਰਿਹਾ ਏਂ, ਪਰਬਤ ਨਾ' ਟਕਰਾਉਂਦਾ ਏਂ।
ਕਿਹੜੀ ਭੁੱਲ ਬਖ਼ਸ਼ਾਉਂਦਾ ਏਂ ਤੂੰ ਕਿਹੜੀ ਗੱਲ ਕਰ ਠੀਕ ਰਿਹਾ॥

ਲੱਭਦੀਆਂ ਸਨ ਪਨਾਹਾਂ ਜਿੱਥੇ ਰੁੱਖ ਤਾਂ ਸਭ ਸੁੱਕ ਚੱਲੇ ਨੇ।
ਜ਼ਹਿਰ ਜੋ ਘੁਲ਼ਿਆ ਵਿੱਚ ਫ਼ਿਜ਼ਾਵਾਂ ਉਹ ਪਾਣੀ ਨੂੰ ਡੀਕ ਰਿਹਾ॥

ਰਿਸ਼ਤੇ ਤਾਰੋ-ਤਾਰ ਨੇ ਹੋਏ ਦੌੜ ਹੈ ਲੱਗੀ ਪੈਸੇ ਦੀ।
ਮਸਲ ਰਿਹਾ ਹੈ ਥੱਲੇ ਕੋਈ ਲੱਤੋਂ ਫੜ ਧਰੀਕ ਰਿਹਾ॥

ਮਰਦੇ-ਮੂੰਹ ਵਿੱਚ ਪਾਉਣੇ ਦੇ ਲਈ ਪੁੱਤਰ ਕਿੱਥੋਂ ਲੱਭੂ।
ਧਰਤ ਦੇ ਸੀਨੇ ਵਿੱਚ ਨਾ ਪਾਣੀ ਡੂੰਘੇ ਥਾਵਾਂ ਤੀਕ ਰਿਹਾ॥

ਦਰਿਆਵਾਂ ਦੇ ਵਿੱਚ ਫ਼ਸਲਾਂ ਉੱਗੀਆਂ, ਫ਼ਸਲਾਂ ਦੇ ਵਿੱਚ ਜ਼ਹਿਰਾਂ।
ਆਪਣੇ ਪੋਤਰਿਆਂ ਦਾ, ਬੰਦਾ ਅੱਜ ਦਾ ਬਣ ਸ਼ਰੀਕ ਰਿਹਾ॥

ਹਸ਼ਰ ਆਪਣਾ ਆਪਣੇ ਹੱਥੀਂ ਲਿਖ ਲਿਆ ਹੈ 'ਕੁਲਤਾਰ' ਤੁਸਾਂ।
ਜੋ ਹੋਣੈਂ ਉਹ ਪਤਾ ਤੁਹਾਨੂੰ ਮੈਂ ਤਾਂ ਕਰ ਤਸਦੀਕ ਰਿਹਾ॥

# ਵਰਖ਼ਾ

ਆਪਣੀਆਂ ਤ੍ਰੇੜਾਂ ਫ਼ੈਲਾ ਕੇ ਧਰਤੀ ਮੰਗਦੀ ਵਰਖ਼ਾ।
ਸ਼ਾਇਦ ਕੁਝ ਦਾਨ ਕਰ ਜਾਵੇ ਲੰਘਦੀ-ਲੰਘਦੀ ਵਰਖਾ॥

ਹਰ ਕੋਈ ਬੰਦਾ ਵਰਖ਼ਾ ਤੈਥੋਂ ਭੱਜਿਆ ਫਿਰਦਾ ਰਹਿੰਦਾ।
ਭਾਗਾਂ ਨਾਲ਼ ਹੀ ਹੁੰਦੀ ਹੈ ਮਨ ਦੀ ਤਰੰਗ ਦੀ ਵਰਖ਼ਾ॥

ਲੱਗੀਆਂ ਵਾਲ਼ੇ, ਦੂਰੋਂ-ਨੇੜਿਓਂ, ਸੇਕ-ਠੰਡ ਨੂੰ ਮਾਨਣ।
ਤਖ਼ਤ-ਹਜ਼ਾਰੇ ਹੜ੍ਹ ਲੈ ਆਉਂਦੀ , ਹੋਈ ਝੰਗ ਦੀ ਵਰਖ਼ਾ॥

ਮੈਂ ਤਾਂ ਉਸ ਨੂੰ ਬਾਹਾਂ ਖੋਲ ਕੇ ਹਰ ਪਲ ਹੀ ਉਡੀਕਾਂ।
ਖ਼ੌਰੇ ਖ਼ਫ਼ਾ ਹੈ, ਖ਼ੌਰੇ ਮੇਰੀ ਮੈਥੋਂ ਸੰਗਦੀ ਵਰਖ਼ਾ॥

ਜ਼ਿਮੀਂਦਾਰ-ਘੁਮਿਆਰ ਬੈਠ ਕੇ ਕਰ ਰਹੇ ਨੇ ਚਰਚਾ।
ਆਵੋ ਆਪਾਂ ਤੈਅ ਤਾਂ ਕਰੀਏ ਕਿਹੜੇ ਰੰਗ ਦੀ ਵਰਖ਼ਾ॥

ਸੌਂਣੇ ਜੋਗੀ ਜਗ੍ਹਾ ਖੋਹ ਲਵੇ ਬੇ-ਘਰਿਆਂ ਤੋਂ ਨਾਲ਼ੇ,
ਚੋਂਦੀਆਂ ਛੱਤਾਂ ਵਾਲ਼ਿਆਂ ਨੂੰ ਵੀ ਪੂਰਾ ਟੰਗਦੀ ਵਰਖ਼ਾ॥

ਕੁਝ ਭੰਗੀਆਂ ਨੇ ਭੰਗ ਪੀ ਕੇ ਹੈ ਇੱਛਾ ਜ਼ਾਹਿਰ ਕੀਤੀ।
ਅੱਜ ਦੀ ਰਾਤ ਹੋ ਜਾਵੇ ਕਿੱਧਰੇ ਰੱਬਾ ਭੰਗ ਦੀ ਵਰਖ਼ਾ॥

ਕੰਤਾਂ ਵਾਲ਼ੀਆਂ, ਇਸ਼ਕ ਵਾਲੀਆਂ ਸਾਥ ਆਪਣਾ ਮਾਨਣ।
ਬਿਰਹਣ ਦੇ ਮਨ ਨੂੰ ਬੁਰੀ ਤਰ੍ਹਾਂ ਹੈ ਲੇਕਿਨ ਡੰਗਦੀ ਵਰਖ਼ਾ॥

ਕੰਮਾਂ-ਕਾਰਾਂ ਵਾਲ਼ਿਆਂ ਦੀ ਤੇ ਕਾਰਾਂ ਵਾਲ਼ਿਆਂ ਦੀ ਤੇ,
ਬਹੁਤ ਫ਼ਰਕ ਹੈ ਰੱਖਦੀ ਰਾਜੇ ਤੇ ਮਲੰਗ ਦੀ ਵਰਖ਼ਾ॥

ਇਸਦਾ ਚਿੱਤਰ ਕਿੰਝ ਬਣਾਵਾਂ, ਕੋਈ ਥਹੁ ਨਾ ਲਗਦਾ।
ਬਸ 'ਕੁਲਤਾਰ' ਤਾਂ ਸੋਚੀ ਜਾਵੇ ਕਿਹੜੇ ਢੰਗ ਦੀ ਵਰਖ਼ਾ॥

# ਯਾਦ

ਯਾਦ ਹੰਝੂਆਂ ਨੂੰ ਵਾਰ-ਵਾਰ ਘੱਲਦੀ।
ਹਿਜ਼ਰਾਂ ਦੀ ਹਵਾ ਸਾਡੇ ਰਾਹ ਮੱਲਦੀ॥

ਹਰ ਸ਼ਾਮ ਸਾਡੀ ਹੁਣ ਸੋਗ ਵਿੱਚ ਬੀਤੇ।
ਹਰ 'ਸੁਬ੍ਹਾ' ਲੱਗੇ; ਜਿਵੇਂ 'ਸ਼ਾਮ ਢਲਦੀ'॥

ਕੁਝ ਦਿਨ ਪਹਿਲਾਂ ਤਾਂ ਹਾਲਾਤ ਸੀਗੇ ਠੀਕ।
ਦੁੱਖਾਂ ਵਾਲ਼ੀ ਬਾਤ ਬਸ ਹੈ ਕੱਲ੍ਹ ਦੀ॥

ਮੂੰਹ ਤੱਕ ਸਾਰੇ ਕਹਿੰਦੇ ਠੀਕ ਲਗਦਾ।
ਕੌਣ ਕਰੇ ਗੱਲ ਸੀਨੇ ਵਾਲ਼ੇ ਸੱਲ ਦੀ॥

ਦੇਖੋਗੇ ਜੇ ਡੁੱਬ ਕੇ ਤਾਂ ਆਪੇ ਪਤਾ ਲੱਗੂ।
ਅਜੇ ਅਸੀਂ ਕਹੀ ਹੈ ਕਹਾਣੀ ਤਲ ਦੀ॥

ਜਿਹੜਾ ਅਲਜਬਰਾ ਪਿਆਰ ਨੇ ਖਿਲਾਰਿਆ।
ਲੱਭਦੀ ਨ੍ਹੀ 'ਕੁੰਜੀ' ਕੋਈ ਈਹਦੇ ਹੱਲ ਦੀ॥

ਦਿਲ ਦੀ ਧਰਤ ਨੂੰ ਹੀ ਠਾਰ ਦੇਵੇ ਥੋੜਾ।
ਏਨੀ ਨ੍ਹੀ ਬਿਸਾਤ ਨੈਣਾਂ ਵਾਲ਼ੇ ਜਲ ਦੀ॥

ਜੰਗਲ਼ ਦੀ ਸ਼ਾਮ ਜਿਵੇਂ ਸੋਹਣੀ ਤੇ ਡਰਾਉਣੀ।
ਹੈਗੀ ਕੋਈ ਕਹਾਣੀ ਸਾਡੇ ਨਾਲ਼ ਰਲ਼ਦੀ॥

ਉਹਨੂੰ ਵੀ ਫੇ' ਸੌ-ਸੌ ਇਲਜ਼ਾਮ ਲੈਣੇ ਪੈਣੇ।
ਜਿਹੜਾ ਕਦੇ ਗੱਲ ਕਰੂ ਸਾਡੇ ਵੱਲ ਦੀ॥

ਬਸ 'ਕੁਲਤਾਰ' ਨੇ ਤਾਂ ਕਿੱਸਾ ਪੜ੍ਹਿਆ।
ਸੱਸੀ ਜਾਣੇ ਕੈਸੀ ਹੁੰਦੀ ਮੌਤ ਥਲ ਦੀ॥

## ਜ਼ੰਨਤ

ਕਦੇ ਤਾਂ ਮੈਨੂੰ ਜੇਠ-ਹਾੜ ਨੂੰ ਸਉਂਣ ਦਿਖਾਈ ਦੇਂਦਾ ਏ।
ਕਦੇ ਗੰਡਾਸਾ ਰੱਖਿਆ ਮੇਰੀ ਧੌਣ ਦਿਖਾਈ ਦੇਂਦਾ ਏ॥

ਕਦੇ ਤਾਂ ਮੈਂ ਜ਼ੰਨਤ ਦੇ ਰੰਗੀਨ ਨਜ਼ਾਰੇ ਮਾਣਾਂ ਤੇ,
ਫੇ' 'ਰੂਹਾਂ' ਦਾ ਮੈਂ ਵੱਲ ਹੋਇਆ ਅਉਣ ਦਿਖਾਈ ਦੇਂਦਾ ਏ॥

ਕਦੇ ਝੀਲ ਦੇ ਕੰਢੇ ਸਾਰੇ ਬਿਰਖ਼ ਦੈਂਤ ਬਣ ਜਾਂਦੇ ਨੇ।
ਕਦੇ ਝੀਲ ਵਿੱਚ ਪਰੀਆਂ ਦਾ ਨਹਾਉਣ ਦਿਖਾਈ ਦੇਂਦਾ ਏ॥

ਕਦੇ ਪੌਣ ਵੀ ਸਾਨੂੰ ਸੂਲ਼ਾਂ ਵਾਂਗੂੰ ਚੁੱਭਦੀ ਫੇਰ ਕਦੇ,
'ਉਸ ਚਿਹਰੇ' ਦਾ ਬੱਦਲਾਂ 'ਚੋਂ ਮੁਸਕਾਉਣ ਦਿਖਾਈ ਦੇਂਦਾ ਏ॥

ਕੁਝ ਡਰ ਕੇ ਤੇ ਨਫ਼ਰਤ ਕੁਝ ਦਿਖਾ ਕੇ ਲੰਘ ਜਾਂਦੇ ਨੇ।
ਹਾਇ! 'ਕੁਲਤਾਰ' ਦੇ ਚਿਹਰੇ ਵਿੱਚੋਂ ਕੌਣ ਦਿਖਾਈ ਦੇਂਦਾ ਏ॥

## ਜ਼ਹਿਮਤ

ਕਿਸਮਤ ਨੇ ਕੈਸਾ ਹੈ ਵਰਕ ਉਥੱਲਿਆ।
ਹਮੇਸ਼ਾਂ ਤੋਂ ਬੂਹਾ ਗ਼ਮਾਂ ਸਾਡਾ ਮੱਲਿਆ॥

ਨਾ ਰਹਿਮਤ, ਨਾ ਇੱਜ਼ਤ, ਨਾ ਦੌਲਤ, ਨਾ ਬਰਕਤ।
ਜ਼ਹਿਮਤ ਹੀ ਦੇ ਕੇ ਜ਼ਮਾਨੇ 'ਚ ਘੱਲਿਆ॥

ਸੱਟ ਖਾ ਕੇ ਜਿੰਨੀ ਵੀ ਵਾਰੀ ਮੈਂ ਡਿੱਗਾ।
ਕਿਹਾ ਨਾ ਕਿਸੇ ਵੀ ਕਿ 'ਚੱਲ ਉੱਠ ਬੱਲਿਆ'॥

ਲੱਲੂ ਵੀ ਸਾਰੇ ਤੈਥੋਂ ਅੱਗੇ ਲੰਘੇ।
ਕਰੀ ਕੀ ਤੂੰ ਜਾਨੈਂ ਓਹ 'ਕੁਲਤਾਰ' 'ਕੱਲਿਆ॥

ਮੈਥੋਂ ਨ੍ਹੀ ਹੋਣਾ ਜੀਅ ਅਣਖ਼ਾਂ ਤੋਂ ਬਾਝੋਂ।
ਨਾ ਹੀ ਵਾਂਗ ਤੇਰੇ ਓਹ ਬੰਦਿਆਂ ਦੁਵੱਲਿਆ॥

ਮਾਰੂਥਲ ਗ਼ਮਾਂ ਦੇ ਹੀ ਵਿੱਚ ਹੈ ਤੂੰ ਮਰਨਾ।
ਕਿਹੜਾ ਕਰਿਸ਼ਮਾ ਉਡੀਕੇ ਉਹ ਝੱਲਿਆ॥

ਰੱਬ ਦਿੱਤੀ ਦਾਤ, ਦੋ ਗ਼ਜ਼ਲਾਂ ਹੀ ਲਿਖ ਲੈ।
ਕਿ ਸਾਹਾਂ ਦਾ ਡੋਲ ਤੇਰਾ ਮੁੱਕ ਚੱਲਿਆ॥

# ਜ਼ਹਿਰਾਬ

ਨੀਲੀ ਹੋ 'ਜੇ ਝੀਲ ਜਦ, ਜਦ ਚੜ੍ਹਦਾ ਮਹਿਤਾਬ।
ਮੇਰੇ ਮਨ ਦੀ ਵੀਣਾ ਹੋ 'ਜੇ ਗੂੰਜਣ ਲਈ ਬੇਤਾਬ॥

ਆਪਣਾ ਕਣ-ਕਣ ਵੇਚ ਕੇ, ਰੂਹ ਵੀ ਪੈ ਗੀ' ਤੋਲਣੀ।
ਹੋਇਆ ਜਦ 'ਕੁਲਤਾਰ' ਦੇ ਕਰਮਾਂ ਦਾ ਹਿਸਾਬ॥

ਫ਼ਿਰਕੂ-ਦਹਿਸ਼ਤ, ਨਸਲਵਾਦ, ਆਰਕਸ਼ਣ, ਆਤੰਕ।
ਵਿੱਚ ਪਾਣੀਆਂ ਘੁਲ਼ ਗਿਆ ਕਿੰਨਾ ਹੀ ਜ਼ਹਿਰਾਬ॥

ਹੁਕਮ ਨ੍ਹੀ; ਖੋਲ੍ਹ ਪੜ੍ਹ ਲੀ'ਏ, ਜਾਂ ਫਿਰ ਦਈਏ ਸੁੱਟ।
ਸਿਰ 'ਤੇ ਚੁੱਕੀ, ਭਟਕਦੇ, ਲੇਖਾਂ ਦੀ ਕਿਤਾਬ॥

ਕੀਤਾ ਸਨਮਾਨਿਤ ਬੜਾ, ਮੈਨੂੰ ਸ਼ਹਿਰ ਬੁਲਾ।
ਦੱਸ ਨਾ ਸੱਕਾਂ ਕਿਹੜੇ-ਕਿਹੜੇ ਦਿੱਤੇ ਗਏ ਖ਼ਿਤਾਬ॥

## ਜ਼ਮੀਰ

‘ਆਪਣੇ’ ਹੀ ਹੱਥ-ਠੋਕੇ ਬਣੇ ਅਮੀਰਾਂ ਦੇ।
ਦੌਲਤ ਅੱਗੇ ਫਿੱਕੇ ਰੰਗ ਜ਼ਮੀਰਾਂ ਦੇ॥

ਹਰ ਕੋਈ ਸੁਣਨਾ ਚਾਹੁੰਦਾ ਹਾਸੇ ਮੇਮਾਂ ਦੇ।
ਕੋਈ ਨਾ ਚਾਹੁੰਦਾ ਰੋਣੇ ਸੱਸੀਆਂ-ਹੀਰਾਂ ਦੇ॥

ਜਿਹਨਾਂ ਰੱਬ ਦੀ ਬਹੁਤੀ ‘ਸੇਵਾ’ ਕੀਤੀ ਏ।
ਮੌਜਾਂ ਲਿਖਵਾ ਲਈਆਂ ਵਿੱਚ ਤਕਦੀਰਾਂ ਦੇ॥

‘ਬਜਰਾਵਰ’ ਹੰਝੂ ਖ਼ਾਰੇ ਇਸ ਵਿੱਚ ਪਾਏ ਨੇ।
ਕਿੱਥੋਂ ਅਉਣ ਸਵਾਦ ਤੁਸਾਂ ਨੂੰ ਖੀਰਾਂ ਦੇ॥

ਸੱਚ ਬੋਲਾਂਗੇ: ਦੁਨੀਆਂ ਤਾਂ ਇਹ ਭੜਕੇਗੀ।
ਰਾਸ ਨਾ ਆਉਂਦੇ ਇਹਨੂੰ ਬੋਲ ਫ਼ਕੀਰਾਂ ਦੇ॥

## ਜ਼ੁਲਮਾਤ

ਸੁਰਖ਼ਰੂ ਹੋ ਜਾ, ਲਾ ਕੇ ਤੂੰ ਤਾਂ ਘਾਤ ਆਖ਼ਰੀ।
ਦਯਾਵਾਨ! ਇਹ ਤੇਰੇ ਨੇ ਜ਼ੁਲਮਾਤ ਆਖ਼ਰੀ॥

ਮੇਰੇ ਸਮੇਂ ਦੇ ਬੰਦੇ; ਸਭ ਧਰਮਾਂ ਦੇ ਵਿੱਚ ਵੰਡੇ।
ਲਗਦਾ ਹੈ ਕਿ ਮੈਂ ਹਾਂ ਖ਼ੁਦਾ ਦੀ ਜ਼ਾਤ ਆਖ਼ਰੀ॥

ਕਿੰਝ ਇੱਕ ਦੀਵਾ ਅੱਜ ਸਾਰਾ ਹੀ ਸਾਗਰ ਸਾੜ ਦਏਗਾ।
ਦੇਖੇਗੀ ਨਜ਼ਾਰਾ ਇਹ ਕਾਇਨਾਤ ਆਖ਼ਰੀ॥

ਮੇਰੇ ਬੁਝਣ ਤੋਂ ਪਹਿਲਾਂ ਇੱਕ ਤਾਂ ਜੋਤ ਜਗੇਗੀ।
ਅਸਫ਼ਲ ਨਹੀਂ ਜਾਣੀ ਮਿਰੀ ਕਰਾਮਾਤ ਆਖ਼ਰੀ॥

ਮਜ਼ਬਾਂ ਤੋਂ ਉੱਪਰ ਉੱਠ ਕੇ ਕੋਈ ਮੇਰੇ ਰੱਬ ਦਾ ਜ਼ਿਕਰ ਕਰੋ।
ਯਾ ਖ਼ੁਦਾ ਕੋਈ ਫੜ ਲਏ ਮੇਰੀ ਬਾਤ ਆਖ਼ਰੀ॥

ਮੈਨੂੰ ਤੱਕ ਹੋ ਜਾਏਗਾ ਪਰਦਾ-ਨਸ਼ੀਂ ਉਹ ਯਕ-ਦਮ।
ਇਹੀ ਹੋਵੇਗੀ ਮੈਨੂੰ ਉਸਦੀ ਦਾਤ ਆਖ਼ਰੀ॥

ਖ਼ੁਸ਼ ਹੁੰਦਾ ਹਾਂ ਮੈਂ ਤਾਂ ਖਾ ਕੇ ਮਾਤ ਹਮੇਸ਼ਾਂ।
ਦੁੱਖ ਹੈ ‘ਕੁਲਤਾਰ’ ਕਿ ਇਹ ਹੈ ਮਾਤ ਆਖ਼ਰੀ॥

ਰੱਬ ਦੀ ਜੋਤ ਦੁਆਲ਼ੇ ਓਹਨਾਂ ਰੰਗ-ਬਿਰੰਗੇ ਸ਼ੀਸ਼ੇ ਲਾਏ।
ਮੈਨੂੰ ਇਹ ਹੈ ਹੋਈ ਮਾਲੂਮਾਤ ਆਖ਼ਰੀ॥

ਮਜ਼ਬੀ-ਜਾਦੂਗਰਾਂ ਦੇ ਸਾਹਵੇਂ ਮੈਂ ਬਣਨਾ ਇਤਿਹਾਸ।
ਭਾਵੇਂ ਹੋਏ ਮਿਰੇ ਕਿੱਸੇ ਦੀ ਪ੍ਰਭਾਤ ਆਖ਼ਰੀ॥

ਵਕਤ ਹੈ ਰੁਖ਼ਸਤੀ ਦਾ, ਕੋਈ ਸਬਾਬ ਕਰ ਲਈਏ।
ਆਈਨੇ ‘ਚੋਂ ਪਾਈਏ ਰੱਬ ਦੀ ਝਾਤ ਆਖ਼ਰੀ॥